# ਸਾਂਝੀ ਵਿਰਾਸਤ

ਜਿਲਦ 5 ਅੰਕ 51 | 2026 | 1-ਚੇਤ (14-ਮਾਰਚ)



ਪ੍ਰੋ. ਡਾ. ਸੁਰਜੀਤ ਸਿੰਘ ਭੱਟੀ ਜੀ ਨੂੰ ਸਮਰਪਤ

ਸਾਂਝੀ ਵਿਰਾਸਤ (Shared Heritage)

ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਮਾਸਿਕ ਮੈਗਜ਼ੀਨ (ਰਾਜਨੀਤੀ ਰਹਿਤ)

**A monthly Non-political, Not-for-profit (Bilingual) On-line magazine of**

**Punjabi Language, Culture, History, and Heritage**

**Website: sanjhivirasat.org**

# ਵਿਸ਼ਾ ਸੂਚੀ (ਮਾਰਚ 2026 ਅੰਕ)


| | | | |
|---|---|---|---|
| 1. | ਵਿਸ਼ਾ ਸੂਚੀ | | 2 |
| 2 | ਸੰਪਾਦਕੀ | ਸੰਪਾਦਕ ਸਾਂਝੀ ਵਿਰਾਸਤ | 3 |
| 3. | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 5 |
| 4. | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 6 |
| 5. | ਕੈਲੀਗ੍ਰਾਫੀ (Caligraphy) | ਸ਼੍ਰੀਮਤੀ ਮਨਿੰਦਰ ਕੌਰ | 7 |
| 6. | **A Reflection on the Life and Legacy of Prof. Dr. Surjit Singh Bhatti** | **Dr. Devinder Pal Singh** | 8 |
| 7. | **Dr. Surjit Singh Bhatti-a Noble Soul** | **Dr. Sukhmander Singh** | 12 |
| 8. | **Professor Surjit Singh Bhatti** | **Dr. Kala Singh** | 13 |
| 9. | **Dr. Sardar Surjit Singh Bhatti - beacon of hardwork, trustworthiness and knowledge** | **Dr. HariSimran Kaur Bhullar** | 14 |
| 10. | ਬੜੇ ਨਿੱਘੇ ਸੁਭਾਅ ਵਾਲਾ, ਬੜਾ ਮਿੱਠ ਬੋਲੜਾ ਸੱਜਣ – Dr. S.S. Bhatti | ਸਰਦਾਰ ਕਰਮਜੀਤ ਸਿੰਘ ਨੂਰ | 15 |
| 11. | ਧੰਨੁ ਧੰਨੁ ਸੋ ਗੁਰਸਿਖੁ ਕਹੀਐ | ਜਸਵਿੰਦਰ ਸਿੰਘ ਰੁਪਾਲ | 17 |
| 12. | ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣ॥ | ਗੁਰਦੀਸ਼ ਕੌਰ ਗਰੇਵਾਲ | 21 |
| 13. | ਸਹਿਜਮਤੀ ਮਿਕਨਾਤੀਸੀ ਸਖ਼ਸ਼ੀਅਤ-ਸੁਰਜੀਤ ਸਿੰਘ ਭੱਟੀ ਜੀ | ਗੁਰਚਰਨ ਕੌਰ ਥਿੰਦ | 24 |
| 14. | ਵਿਗਿਆਨ, ਧਰਮ ਸ਼ਾਸਤਰ ਅਤੇ ਮਨੁਖਤਾ ਦਾ ਸੁਮੇਲ ਡਾ ਸੁਰਜੀਤ ਸਿੰਘ ਭੱਟੀ | ਡਾ. ਮਨਮੋਹਨ ਕੌਰ | 26 |
| 15. | ਸੰਝਾਂ ਦਾ ਸੂਰਜ: ਪ੍ਰੋ. ਡਾ. ਸਰਦਾਰ ਸੁਰਜੀਤ ਸਿੰਘ ਭੱਟੀ | ਮਨਿੰਦਰ ਸਿੰਘ | 27 |
| 16. | ਭੌਤਿਕ ਵਿਗਿਆਨ ਅਤੇ ਗੁਰਬਾਣੀ ਦੇ ਮਹਾਨ ਵਿਦਵਾਨ, ਗੁਰਮੁਖ ਤੇ ਗੁਰਸਿੱਖ ਡਾ. (ਪੋ.) ਸੁਰਜੀਤ ਸਿੰਘ ਜੀ ਭੱਟੀ | ਸ਼੍ਰੀਮਤੀ ਬ੍ਰਿਜਮਿੰਦਰ ਕੌਰ (ਜੈਪੁਰ, ਭਾਰਤ) | 28 |
| 17. | ਮੇਰੇ ਭੱਟੀ ਵੀਰ ਜੀ | ਸ਼੍ਰੀਮਤੀ ਹਰਪ੍ਰੀਤ ਕੌਰ ਬੱਗਾ | 29 |
| 18. | ਗੁਰਮੁਖਿ ਗੁਰਸਿੱਖ ਸੰਤ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ | ਡਾ. ਕਾਬਲ ਸਿੰਘ | 32 |
| 19 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | | 33 |
| 20. | ਸ਼ੰਪਾਦਕ ਮੰਦਲ ਤੇ ਸਲਾਹਕਾਰ | | 34 |

# ਸੰਪਾਦਕੀ



ਇਹੁ ਵਿਸ਼ੇਸ਼ ਅੰਕ ਪ੍ਰੋਫੈਸਰ (ਡਾ.) ਸੁਰਜੀਤ ਸਿੰਘ ਭਟੀ ਜੀ ਨੂੰ ਸਮਰਪਤ ਹੈ, ਜੋ ਇਸ ਮੈਗਜ਼ੀਨ ਦੇ ਸੰਸਥਾਪਕ ਸੰਪਾਦਕ ਸਨ। ਉਹਨਾਂ ਦੇ ਵਿਛੜਣ ਦੀ ਖਬਰ ਬਾਦ ਉਹਨਾਂ ਦੇ ਮਿਤ੍ਰ, ਸਾਥੀਆਂ ਅਤੇ ਵਿਦਿਆਰਥੀਆਂ ਵਲੋਂ ਬਹੁਤ ਸੰਦੇਸ਼ ਮਿਲੇ ਹਨ, ਜਿਨ੍ਹਾਂ ਵਿਚ ਉਹਨਾਂ ਲਈ ਪਿਆਰ, ਸਤਿਕਾਰ ਅਤੇ ਉਹਨਾਂ ਦੀ ਯਾਦ ਨੂੰ ਪ੍ਰਗਟ ਕੀਤਾ ਗਿਆ ਹੈ।

ਇਹ ਅੰਕ ਅਸੀਂ ਉਹਨਾਂ ਦੀ ਯਾਦ ਨੂੰ ਸਮਰਪਤ ਕਰਦੇ ਹਾਂ।

ਨਾਨਕਸ਼ਾਹੀ ਕੈਲੰਡਰ ਅਨੁਸਾਰ 14 ਮਾਰਚ ਤੋਂ ਚੇਤ ਦਾ ਮਹੀਨਾ ਸ਼ੁਰੂ ਹੁੰਦਾ ਹੈ। ਇਸ ਨਾਲ ਬਸੰਤ ਦਾ ਸੁਹਾਵਨਾ ਸਮਾ ਵੀ ਸ਼ੁਰੂ ਹੁੰਦਾ ਹੈ।

ਚੇਤ ਦੀ 6 ਤਰੀਕ (19 ਮਾਰਚ) ਗੁਰੂ ਹਰਗੋਬਿੰਦ ਸਾਹਿਬ ਦੇ ਜੋਤੀ ਜੋਤਿ ਸਮਾਉਂਣ ਦਿਵਸ ਹੈ।

ਇਸੇ ਮਹੀਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲੀ' ਦੇ ਤਿਉਹਾਰ ਨੂੰ 'ਹੋਲਾ-ਮਹੱਲਾ' ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਸੀ। ਇਸ ਮਹੀਨੇ ਮੁਸਲਮਾਨ ਲੋਕ ਰੋਜ਼ੇ ਰਖਦੇ ਹਨ।

"ਅੰਤਰ-ਰਾਸ਼ਟਰੀ ਮਹਿਲਾ ਦਿਵਸ" ਸੰਸਾਰ 8 ਮਾਰਚ ਨੂੰ ਮਨਇਆ ਜਾਂਦਾ ਹੈ। 'ਈਕੋਸਿੱਖ' (Eco-Sikh) ਵਲੋਂ "ਵਿਸ਼ਵ ਸਿੱਖ ਵਾਤਾਵਰਣ ਦਿਵਸ" ਮਨਾਉਂਦਿਆਂ 14 ਮਾਰਚ ਨੂੰ "ਗੁਰੂ ਨਾਨਕ ਪਵਿੱਤਰ ਜੰਗਲ" ਲਗਾਏ ਜਾਂਦੇ ਹਨ। ਇਨ੍ਹਾਂ ਵਿਚ ਅਜਿਹੇ ਦੁਰਲਭ ਰੁੱਖ ਲਗਾਏ ਜਾਂਦੇ ਹਨ, ਜਿਨ੍ਹਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ ਪਰ ਹੁਣ ਅਲੋਪ ਹੋ ਰਹੇ ਹਨ। 21 ਮਾਰਚ ਜੰਗਲ ਬਚਾਉਣ ਅਤੇ ਨਵੇਂ ਜੰਗਲ ਲਗਾਉਣ ਅਤੇ 22 ਮਾਰਚ "ਵਿਸ਼ਵ ਜਲ ਨਿਗਰਾਨੀ ਦਿਵਸ" ਵਜੋਂ ਮਨਾਏ ਜਾਂਦੇ ਹਨ।

ਮਾਰਚ 23 ਨੂੰ ਅੰਗਰੇਜ਼ਾਂ ਵਲੋਂ ਸ਼ਹੀਦ ਸਰਦਾਰ ਭਗਤ ਸਿੰਘ ਨੂੰ ਦਿੱਤੀ ਗਈ ਫਾਂਸੀ ਸਦਾ ਯਾਦ ਰਖੀ ਜਾਵੇਗੀ।

ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ, ਵਿਰਾਸਤ, ਚੰਗੀ ਸਿਹਤ ਜਾਂ ਵਿੱਦਿਆ ਬਾਰੇ ਲੇਖ (ਕਹਾਣੀਆਂ ਜਾਂ ਪੁਸਤਕ ਸਮੀਖਿਆਵਾਂ) ਤੇ ਕਵਿਤਾਵਾਂ ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ।

ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਰਾਜਨੀਤਿਕ ਪਾਰਟੀ ਵਿਰੁੱਧ ਜਾਂ ਕਿਸੇ ਵੀ ਤਰ੍ਹਾਂ ਦੇ ਵਿਵਾਦਾਂ ਵਿਚ ਘਿਰੇ ਵਿਅਕਤੀ ਬਾਰੇ ਨਾ ਹੋਣ। ਮੰਤਵ ਕੇਵਲ ਨਰੋਏ ਸਮਾਜ ਅਤੇ ਭਾਈਚਾਰੇ ਲਈ ਲੇਖ ਅਤੇ ਕਾਵਿਕ ਵਿਚਾਰ ਪਾਠਕਾਂ ਤਕ ਪੁਚਾਣਾ ਹੈ।

ਰਚਨਾਵਾਂ ਦੋ ਪਨਿੰਆਂ (ਵਧ ਤੋਂ ਵਧ 800 ਸ਼ਬਦਾਂ) ਤਕ ਦੀਆਂ ਹੀ ਹੋਣ। ਇਸ ਤੋਂ ਲੰਬੇ ਪਰਵਾਨਿਤ ਲੇਖ (ਇਸ ਵੈਬਸਾਈਟ ਦੇ) ਬਲੌਗ ਉਤੇ ਪਾਏ ਜਾਂਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾਂਦੇ ਹਨ।

ਰਚਨਾਵਾਂ ਐਡੀਟੋਰੀਅਲ਼ ਬੋਰਡ ਤੋਂ ਪਰਵਾਨਗੀ ਉਪਰੰਤ ਹੀ ਛਪਣਗੀਆਂ।

ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ' ਹਰ ਅੰਕ ਵਿਚ ਦਿੱਤੀ ਗਈ ਹੈ ਅਤੇ ਵੈਬਸਾਈਟ (***sanjhivirasat.org***) ਤੋਂ ਵੀ ਮਿਲ ਸਕਦੀ ਹੈ। ਲਿਖਤਾਂ ਭੇਜਣ ਲਈ ਈ ਮੇਲ info@sanjhivirasat.org.

ਲੇਖਕ / ਕਵੀ ਆਪਣਾਂ ਈ-ਮੇਲ ਪਤਾ, ਫੋਨ ਨੰਬਰ, ਤੇ ਸ਼ਹਿਰ ਦਾ ਨਾਂ ਜਰੂਰ ਭੇਜਣ; ਜੇ ਚਾਹੁਣ ਤਾਂ ਫੋਟੋ ਤੇ ਸੰਖੇਪ ਜਾਣਕਾਰੀ ਵੀ ਭੇਜ ਸਕਦੇ ਹਨ।

ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ।

ਡਾ.ਕਾਬਲ ਸਿੰਘ,

ਮੁੱਖ ਸੰਪਾਦਕ

## ਚੇਤ ਦੇ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

**ਤੁਖਾਰੀ ਛੰਤ ਮਹਲਾ 1**

ੴ ਸਤਿਗੁਰ ਪ੍ਰਸਾਦਿ॥

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥੫॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1108)

**ਵਿਆਖਿਆ:**

ਚੇਤ 'ਬਸੰਤ' ਦਾ ਮਹੀਨਾ ਹੈ ਜਦੋਂ ਬਨਸਪਤੀ ਪੂਰੇ ਜੋਬਨ ਵਿਚ ਹੁੰਦੀ ਹੈ। ਬਿਰਛਾਂ ਦੀਆ ਟਹਿਣੀਆਂ ਹਰੇ ਪਤਿਆਂ ਦਾ ਸ਼ਿੰਗਾਰ ਕਰਦੀਆਂ ਹਨ। ਖਿੜੇ ਹੋਏ ਫੁੱਲਾਂ ਉਤੇ ਭੰਵਰੇ ਮੰਡਰਾਉਂਦੇ ਹਨ। ਕੁਦਰਤ ਦੇ ਇਸ ਮਨਮੋਹਣੇ ਦ੍ਰਿਸ਼ ਸਮੇ ਸਤਿਗੁਰਾਂ ਨੇ ਜੀਵ ਇਸਤ੍ਰੀ ਦੇ ਆਪਣੇ ਪ੍ਰਭੂ ਪਤੀ ਦੇ ਵਿਛੋੜੇ ਦੀ ਵੇਦਨਾ ਦਰਸਾਈ ਹੈ। ਉਹ ਪਿਆਰੇ ਪ੍ਰਭੂ ਦੇ ਹਿਰਦੇ ਰੂਪੀ ਘਰ ਵਿਚ ਆ ਵੱਸਣ ਦੀ ਜਾਚਨਾ ਕਰਦੀ ਹੈ, ਜਿਸ ਦੇ ਨਾ ਆਉਣ ਤੇ ਆਤਿਮਕ ਆਨੰਦ ਨਹੀਂ ਮਿਲਦਾ ਹੈ। ਵਛੋੜੇ ਕਰਕੇ ਸਰੀਰ ਪੀੜਤ ਹੁੰਦਾ ਹੈ। ਅੰਬ ਦੇ ਬਿਰਛ ਤੇ ਬੈਠੀ ਕੋਇਲ ਦੀ ਮਿੱਠੀ ਆਵਾਜ਼ ਸੁਣਕੇ ਹਿਰਦੇ ਵਿਚ ਵਿਛੋੜੇ ਦੇ ਦਰਦ ਦੀ ਚੀਸ ਉਠਦੀ ਹੈ। ਭਵਰੇ ਦੇ ਫੁੱਲਾਂ ਤੇ ਮੰਡਰਾਉਣ ਵਾਂਗ ਮਨ ਦੁਨੀਆ ਦੇ ਰੰਗ ਤਮਾਸ਼ਿਆਂ ਵਿਚ ਭੌਂਦਾ ਫਿਰਦਾ ਹੈ। ਪਰ ਪ੍ਰਭੂ ਵਿਛੋੜਾ ਮੌਤ ਵਰਗਾ ਹੈ, ਜਿਸ ਕਰਕੇ ਜੀਣਾਂ ਮੁਹਾਲ ਹੈ। ਜੇਕਰ ਜੀਵ ਇਸਤ੍ਰੀ ਦੇ ਹਿਰਦੇ ਰੂਪੀ ਘਰ ਵਿਚ ਪ੍ਰਭੂ ਪਤੀ ਆ ਜਾਵੇ ਤਾਂ ਉਸਨੂੰ ਆਤਮਿਕ ਆਨੰਦ ਦੀ ਪ੍ਰਾਪਤੀ ਹੋ ਜਾਵੇਗੀ।



ਪ੍ਰੋਫ਼ੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

**ਬਾਰਹ ਮਾਹਾ ਮਾਝ ਮਹਲਾ 5**

ੴ ਸਤਿਗੁਰ ਪ੍ਰਸਾਦਿ ॥

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ।**ਅੰਗ-133 ॥

**ਭਾਵ ਅਰਥ**

ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਚੇਤ ਦਾ ਮਹੀਨਾ ਬਸੰਤ ਦੀ ਮਨਮੋਹਕ ਰੁਤ ਦਾ ਮਹੀਨਾ ਹੈ। ਇਸ ਵਿੱਚ ਪਰਮਾਤਮਾ ਨੂੰ ਸਿਮਰੀਏ ਤਾਂ ਮਨ ਨੂੰ ਆਨੰਦ ਮਿਲਦਾ ਹੈ। ਉਨ੍ਹਾਂ ਜੀਵਾਂ ਦਾ ਹੀ ਸੰਸਾਰ ਵਿੱਚ ਆਇਆ ਸਫਲ ਹੈ ਜਿਨ੍ਹਾਂ ਨੇ ਜਪ ਜਪ ਕੇ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ ਹੈ। ਪਰ ਜਿਨ੍ਹਾਂ ਨੂੰ ਉਹ ਕਣ ਕਣ ਵਿੱਚ ਵਸਣ ਵਾਲਾ ਪ੍ਰਭੂ ਚੇਤੇ ਨਹੀਂ ਆਉਂਦਾ, ਉਨ੍ਹਾਂ ਦਾ ਦੁੱਖ ਬਿਆਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਸ ਤੋਂ ਬਿਨਾਂ ਇੱਕ ਪਲ ਵੀ ਜੀਣਾ ਜਨਮ ਬਿਰਥਾ ਗਵਾਉਣਾ ਹੈ। ਨਾਨਕ ਜੀ ਦੇ ਮਨ ਨੂੰ ਵੀ ਹਰੀ ਦੇ ਦਰਸ਼ਨ ਦੀ ਪਿਆਸ ਲੱਗੀ ਹੈ। ਚੇਤ ਦੇ ਮਹੀਨੇ ਵਿੱਚ ਜੋ ਮੈਨੂੰ ਉਸ ਦੇ ਨਾਲ ਮਿਲਾ ਦੇਵੇ, ਮੈਂ ਉਸ ਦੇ ਚਰਨੀ ਲੱਗਾਂਗਾ।

**(Er. S. Karamjit Singh Noor, Jalandhar, India)**



**ਕਾਵਿਕ ਵਿਆਖਿਆ**

ਚੇਤ ਦੇ ਮਹੀਨੇ ਵਿਚ ਆਉਂਦਾ ਹੈ ਅਨੰਦ ਬੜਾ, ਜਦੋਂ ਵੀ ਗੋਬਿੰਦ ਨੂੰ ਧਿਆਈਦਾ।

ਜੀਭਾ ਨਾਲ ਜਪ ਜਪ ਨਾਮ ਪਰਮਾਤਮਾ ਦਾ, ਸੰਤਾਂ ਦੀ ਸੰਗਤ ਚੋਂ ਪਾਈਦਾ।

ਪਾ ਲਿਆ ਹੈ ਏਸ ਤਰਾਂ ਜਿਨ੍ਹੇ ਪ੍ਰਭੂ ਆਪਣੇ ਨੂੰ, ਓਸ ਦਾ ਹੀ ਆਉਣਾ ਕਿਸੇ ਅਰਥ ਹੈ।

ਇਕ ਪਲ ਜੀਣਾ ਵੀ ਕੀ ਜੀਣਾ ਹੈ ਪਿਆਰੇ ਬਿਨਾ, ਜਾਣੋ ਜਿਵੇਂ ਜਨਮ ਹੀ ਵਿਆਰਥ ਹੈ।

ਧਰਤੀ ਆਕਾਸ਼ ਤੇ ਪਤਾਲ 'ਚ ਹੈ ਵਾਸ ਜਿਹਦਾ, ਵਣਸਪਤੀ ਵਿਚ ਜੋ ਸਮਾਇਆ ਹੈ।

ਕਿੱਡਾ ਹੈ ਦੁਖਾਂਤ ਹਾਏ ! ਮੇਰੇ ਮਨਾ ਐਸਾ ਪ੍ਰਭੂ, ਤੈਨੂੰ ਕਦੇ ਚੇਤੇ ਵੀ ਨਾ ਆਇਆ ਹੈ।

ਕਿੰਨੇ ਭਾਗਾਂ ਵਾਲੇ ਨੇ ਉਹ ਜੀਵ ਏਸ ਜਗ ਉਤੇ, ਜਪਿਆ ਹੈ ਜਿਨ੍ਹਾਂ ਕਰਤਾਰ ਨੂੰ।


ਲੱਗੀ ਹੈ ਪਿਆਸ ਡਾਹਢੀ, ਨਾਨਕ ਦਾ ਮਨ ਪਿਆ ਲੋਚਦਾ ਹੈ ਪ੍ਰਭੂ ਦੇ ਦੀਦਾਰ ਨੂੰ।

ਚੇਤ ਦੇ ਮਹੀਨੇ ਰਾਹੀਂ ਨਾਨਕ ਜੀ ਆਖਦੇ ਨੇ, ਕੋਈ ਮੇਰੀ ਪਿਆਸ ਨੂੰ ਬੁਝਾ ਦੇਵੇ।

ਕਰ ਦੇਵਾਂ ਆਪਾ ਉਹਦੇ ਚਰਣਾਂ 'ਚ ਭੇਂਟ 'ਨੂਰ' ਜਿਹੜਾ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ।

# ਪ੍ਰੋ. ਸ਼ੁਰਜੀਤ ਸਿੰਘ ਭੱਟੀ

**ਮਨਿੰਦਰ ਕੌਰ (ਕੈਲਗਰੀ, ਕੈਨੇਡਾ)**



**A Reflection on the Life and Legacy of Prof. Dr. Surjit Singh Bhatti**

*(From the Perspective of His Ph.D. Scholar)*

Dr. Devinder Pal Singh



There are moments in life whose significance becomes fully visible only in retrospect. For me, one such moment occurred in November 1978, when I appeared for an interview for the Lecturer in Physics post at Khalsa College, Amritsar. At that time, I was unaware that the subject expert on the selection panel was Prof. Dr. Surjit Singh Bhatti. The interview went well, and I was selected, but I did not yet realize that this encounter would mark the beginning of one of the most defining relationships of my academic life.

A few months after joining, I received a message that Dr. Bhatti wished to meet me. Guru Nanak Dev University was only a short distance away, and after college hours, I went to see him. That meeting remains etched in my memory. He received me with warmth and sincerity, appreciated my academic achievements, and encouraged me to join his research group to further develop my potential. His words were not merely advisory; they were deeply inspiring and quietly transformative.

Motivated by his guidance, I began working with him as a part-time research scholar in late 1979. Those were demanding yet enriching days. I would engage in research in the evenings after college hours and on holidays. Under his mentorship, research became a disciplined yet joyful pursuit. By early 1980, we had published our first joint research paper in the *Journal of the Acoustical Society of India*, followed by another milestone when our work was presented at the International Conference and Exhibition on Ultrasonics in New Delhi. These early achievements instilled in me both confidence and a sense of direction.

Later in 1980, I was selected as a permanent Lecturer at Shivalik College, Naya Nangal. As I prepared to leave Amritsar, Dr. Bhatti suggested the possibility of a research fellowship at the university. However, given my professional commitments, I chose to

take up the new position. Despite the physical distance, nearly six hours of travel by bus, my academic association with him not only continued but flourished. With his encouragement, I pursued research in my spare time, resulting in several publications in reputed journals such as *Acoustics Letters (UK)*, *Acustica (Germany)*, *Indian Journal of Pure and Applied Physics*, and others.

To complete my experimental work, I later took study leave (without pay) from my Institution and served as an ad hoc Lecturer at Guru Nanak Dev University; an opportunity arranged by Dr. Bhatti in collaboration with Dr. Hardev Singh Virk. Both became my lifelong mentors. By 1985, I had co-authored 22 research papers with Dr. Bhatti, and in 1986, I was awarded my Ph.D. degree. This achievement stands as a testament to his mentorship, intellectual generosity, and unwavering belief in his students.

Even after completing my doctoral studies, my academic journey remained closely connected with him. I expanded my research into new domains, including polymer physics, materials science, chemical physics, and ionic liquids, and eventually guided my own research students. Yet, Dr. Bhatti's influence remained ever-present. I actively participated in conferences, workshops, and seminars organized by him, where he graciously provided me opportunities to chair technical sessions and deliver keynote addresses. These gestures reflected his enduring commitment to nurturing his students' growth beyond formal academic milestones.

A particularly memorable milestone in my journey came in 1995, when I organized the '*State Seminar on Science Writing in Punjabi'* at my institution in Naya Nangal. Both Dr. Hardev Singh Virk, then Professor & Chairman of the Department of Physics, and Dr. Surjit Singh Bhatti, Professor & Chairman of the Department of Applied Sciences at Guru Nanak Dev University, inaugurated the seminar. Dr. Virk delivered the keynote address, while Dr. Bhatti chaired the first technical session. Their presence and appreciation of my efforts in academic and science communication pursuits proved profoundly motivating. That encouragement became a turning point, inspiring me to continue my work in science communication, an endeavour that eventually led me to publish 24 books and over 1,500 articles on science, the environment, and religion.

What made their mentorship even more remarkable was its continuity. Both Dr. Bhatti and Dr. Virk remained critical reviewers of my work, whether research papers, general articles, or books. Their insights, suggestions, and encouragement helped refine my thinking and

strengthen my contributions across disciplines.

Even after Dr. Bhatti's retirement in 2003, our association remained strong. When I migrated to Canada in 2008, geographical distance once again became irrelevant in the face of intellectual and emotional connection. Over time, Dr. Bhatti also joined his family in Canada, bringing us closer together once again. From 2018 onward, he actively wrote a blog on science communication, continuing his lifelong mission to make knowledge accessible and meaningful.

During the COVID-19 pandemic, Dr. Bhatti's leadership assumed a deeply humanitarian and spiritual dimension. When he undertook the endeavour to establish the '*e-Sangat'* platform in Calgary to share Sikhi vichar for the physical and mental well-being of the community, he once again demonstrated his foresight and compassion. He invited me to deliver a few lectures on Sikh teachings on this platform, an opportunity I gladly embraced. Through '*e-Sangat'*, he not only facilitated meaningful discourse but also encouraged young people and children to participate in Gurbani kirtan and to learn about Sikh doctrines.

What was particularly remarkable was his own active involvement. He delivered numerous talks on diverse aspects of Sikh doctrine, each enriched with deep Sikh wisdom and often offering fresh, thought-provoking insights into Sikh teachings. These sessions were not merely lectures; they were moments of collective reflection, learning, and spiritual nourishment amid global uncertainty.

True to his encouraging nature, when I established the '*Center for Understanding Sikhis'* in 2019, I invited him to serve on its advisory panel. He graciously accepted, extending his guidance and wisdom to yet another initiative aimed at bridging knowledge and spirituality. In a beautiful gesture of reciprocity, when he launched the literary magazine '*Sanjhi Virasat*' in 2022, he invited me to join its advisory panel. This mutual exchange reflected not only his generosity but also his deep belief in collaborative intellectual growth.

What remains most inspiring is his unwavering dedication to academic and literary pursuits until the very end of his life. Even in his final days, he remained actively engaged in meaningful work. It is both poignant and profoundly inspiring to recall that he was finalizing the February 2026 issue of '*Sanjhi Virasat*' when he passed away. Few lives exemplify such commitment, where the pursuit of knowledge and service continues literally until the final breath.

Prof. Dr. Surjit Singh Bhatti was not merely a distinguished physicist or

an accomplished academician; he was a mentor who shaped lives, a thinker who bridged disciplines, and a human being of rare humility and grace. He had the extraordinary ability to recognize potential in others and nurture it with patience, insight, and compassion.

His engagement with Sikh philosophy added depth to his scientific outlook, demonstrating that science and spirituality are not opposing domains but complementary pathways to truth. His life itself became a living example of this integration.

As I reflect upon my journey, from that first interview in 1978 to decades of mentorship, collaboration, and friendship, I realize that his influence is woven into every aspect of my academic and intellectual life. He was not only a guide in my formative years but a lifelong source of inspiration.

Today, I feel a deep sense of gratitude, accompanied by an equally profound sense of responsibility; to carry forward his legacy, to mentor others with the same generosity, and to continue contributing to knowledge with integrity and purpose.

His life was a quiet illumination. His legacy is an enduring light that continues to guide all those who had the privilege of walking alongside him.

**Dr. Surjit Singh Bhatti-a Noble Soul**

*Dr. Sukhmander Singh*

*(Prof. Santa Clara University Santa Clara California)*



Although I met Dr. Bhatti only once, my brief interactions with him left an ever-lasting imprint not only on my mind but on my whole being. When I met him in Calgary at a Conference, I could feel his grace, warmth and intellectual depth. It turned out to be a great blessing for me when he agreed to review and edit a book of mine. It was such an enriching experience. His deeply rooted faith in Sikhi and his integrity in treating others at the highest level of dignity was reflected each time I had a chance to talk and discuss issues with him on telephone. I came to know of his voluminous contributions as scientist and as community leader.

Undoubtedly, he was an eminent scientist whose hundreds of publications in Journals and Conferences, being founder of science departments and colleges at GNDU and Baru Sahib and his dedicated seva in several ways for the Sikh community will remain source of inspiration for all of us. Until the very end of his life, he would serve the community by managing and editing the monthly magazine "Sanjhivirasat", and by presenting lectures full of insightful thoughts on Webinars organized by Drs Jaswant Singh Sachdev, Jagjit Singh and Raja Balraj Singh (his illustrious son).

I remain profoundly grateful for his guidance and wisdom.

**Professor Surjit Singh Bhatti**

*Dr. Kala Singh (Vancouver)*

Though I never met Prof. Surjit Singh Bhatti Ji in person, but it looks I have known him forever. I met him during Saturday morning zoom meetings and found him to be a cool guy. Usually scholars are expert in one field only but Prof. Bhatti was in many different fields. He had interest in Gurbani, Dassam Granth, Sikh scientists, Calendars and so and so on. It was his expertise in Calendars that prompted me to book time for him to speak on Canadian Sikh Study and Teaching Society webinar by Dr. Jagjit Singh and PHX Global Gurmat Vichar webinar by Dr. Jaswant Singh Sachdev.

I wanted his expertise to be shared and others getting the benefit. He was very well received by everyone in both forums. Not only this, he was instrumental in starting online magazine Sanjhi Virasat. I found that magazine to be very informative. The work he had been doing single handedly, I am sure will have to be shared by 4 or 5 people.

It is very rare to find someone with his caliber. I am sad that I lost my chance to meet him in person. Prof. Bhatti Ji you will be missed but your advice and work will be with us forever.



## Dr. Sardar Surjit Singh Bhatti - beacon of hardwork, trustworthiness and knowledge

Dr. HariSimran Kaur Bhullar (Punjabi University, Patiala India)

Prof. Bhatti was a personality that will be not only missed by his family and friends but also thousands of students who have excelled in their careers only due to guidance from Dr. Bhatti.

His intellectual imminence and unmatching professionalism have been globally recognised in the field of Physics.

Dr. Bhatti will always be remembered for his outstanding discipline and high ethics towards life. He truly was like a beacon for hardwork, trustworthiness and knowledge for generations to come.

His passing is a huge loss not only for the family but the whole society.

## Dr S. S. Bhatti ji

**(Er. S. Karamjit Singh Noor, Jalandhar, India)**

ਸਾਡੇ ਸਤਿਕਾਰਯੋਗ ਡਾਕਟਰ ਸੁਰਜੀਤ ਸਿੰਘ ਜੀ ਭੱਟੀ ਬੀਤੇ ਦਿਨੀ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ । ਉਹਨਾਂ ਦੀ ਮਿੱਠੀ ਤੇ ਨਿੱਘੀ ਯਾਦ ਨੂੰ ਸਮਰਪਿਤ ਦਾਸ ਕਰਮਜੀਤ ਸਿੰਘ ਨੂਰ ਵੱਲੋਂ ਕੁਝ ਕਾਵਿ ਸਤਰਾਂ ਪੇਸ਼ ਹਨ :

ਬੜੇ ਨਿੱਘੇ ਸੁਭਾਅ ਵਾਲਾ,
ਬੜਾ ਮਿੱਠ ਬੋਲੜਾ ਸੱਜਣ।
ਅਚਾਨਕ ਖੋਹ ਲਿਆ ਹੋਣੀ ਨੇ,
ਇਕ ਅਨਮੋਲੜਾ ਸੱਜਣ।
ਪਕੜ ਕੇ ਰੱਖਿਆ ਜਿਸ,
ਰਿਸ਼ਤਿਆਂ ਦੀ ਸਾਂਝ ਦਾ ਪੱਲਾ,
ਚਲਾ ਕਿੱਥੇ ਗਿਆ ਅੱਜ ਨੂਰ,
ਛੱਡ ਕੇ ਚੋਲੜਾ ਸੱਜਣ।
ਚਲਾ ਕਿੱਥੇ ਗਿਆ ਅੱਜ 'ਨੂਰ',
ਛੱਡ ਕੇ ਚੋਲੜਾ ਸੱਜਣ।
ਜਗ ਤੋਂ ਕਿਸੇ ਇਨਸਾਨ ਦਾ ਚਲੇ ਜਾਣਾ ।
ਨੀਲੇ ਅੰਬਰੋਂ ਭਾਨ ਦਾ ਚਲੇ ਜਾਣਾ।
ਇਹ ਸੰਸਾਰ ਹੈ ਇੱਕ ਮਹਿਮਾਨ ਖਾਨਾ,
ਇਸ ਚੋਂ ਖਾਸ ਮਹਿਮਾਨ ਦਾ ਚਲੇ ਜਾਣਾ।
ਦਿਨ ਦੀਵੀ ਹਨੇਰ ਹੈ ਪਾ ਜਾਂਦਾ,
ਬੜਾ ਵੱਡਾ ਖਲਾਅ ਹੈ ਪਾ ਜਾਂਦਾ।

ਮੱਧਮ ਜਿਹਾ ਹੀ ਦੀਵਾ ਜੇ ਰਹੇ ਜਗਦਾ,
ਚਾਨਣ ਵੰਡਦੀ ਰਹਿੰਦੀ ਹੈ ਲਾਟ ਉਸਦੀ।
ਚਾਹੇ ਕਿੰਨੀ ਕੋਈ ਭੋਗ ਕੇ ਉਮਰ ਜਾਵੇ,
ਫਿਰ ਵੀ ਰੜਕਦੀ ਰਹਿੰਦੀ ਹੈ ਘਾਟ ਉਸਦੀ।
ਸਦਾ ਰੜਕਦੀ ਰਹਿੰਦੀ ਹੈ ਘਾਟ ਉਸਦੀ।
ਯਥਾ ਸ਼ਕਤ ਹਰ ਵਕਤ ਹਰ ਘੜੀ ਹਰ ਦਮ,
ਹਰਿ ਕਾ ਨਾਮੁ ਹਰਿ ਥਾ ਹਰਿ ਇਨਸਾਨ
ਲੈਂਦਾ।
ਪ੍ਰਭੂ ਫੇਰ ਵੀ ਆਪਣੇ ਪਿਆਰਿਆਂ ਦਾ,
ਇਮਤਿਹਾਨ ਉੱਤੇ ਇਮਤਿਹਾਨ ਲੈਂਦਾ।
ਇੱਕ ਜੀਅ ਦੀ ਜਾਨ ਕੀਹ ਕੱਢਦਾ ਹੈ,
ਕੱਢ ਪੂਰੇ ਪਰਿਵਾਰ ਦੀ ਜਾਨ ਲੈਂਦਾ।
ਜੀਣਾ ਉਸੇ ਦਾ ਜੀਣਾ ਹੈ 'ਨੂਰ' ਜੱਗ ਤੇ,
ਖਿੜੇ ਮੱਥੇ ਜੋ ਹੁਕਮ ਪ੍ਰਵਾਨ ਲੈਂਦਾ।
ਅੱਜ ਉਹ ਐਸੇ ਪ੍ਰਦੇਸ਼ ਵਿੱਚ ਜਾ ਵੱਸੇ,
ਜਿੱਥੋਂ ਵਾਪਸ ਬੁਲਾਏ ਨਹੀਂ ਜਾ ਸਕਦੇ।

ਬੇਸ਼ਕ ਅੱਖੀਆਂ ਤੋਂ ਉਹਲੇ ਹੋ ਗਏ ਨੇ,
ਐਪਰ ਦਿਲੋਂ ਭੁਲਾਏ ਨਹੀਂ ਜਾ ਸਕਦੇ।
ਅਠਾਰਾਂ ਫਰਵਰੀ ਹੀ ਸੀ ਤਾਰੀਖ ਜਿਸ ਦਿਨ,
ਸਾਥੋਂ ਸੰਤ ਮਸਕੀਨ ਜੀ ਜੁਦਾ ਹੋਏ।
ਇਤੱਫਾਕ ਦੇਖੋ, ਭੱਟੀ ਸਾਹਿਬ ਜੀ ਵੀ,
ਇਸੇ ਦਿਨ ਸੰਸਾਰ ਤੋਂ ਵਿਦਾ ਹੋਏ।
ਭੱਟੀ ਸਾਹਿਬ ਨੂੰ ਜਿਨ੍ਹਾਂ ਵੀ ਤੱਕਿਆ,
ਸਾਰੇ ਜੱਗ ਦੇ ਨਾਲੋਂ ਜੁਦਾਅ ਤੱਕਿਆ।
ਸੋਮਾ ਸਹਿਜ ਦਾ ਤੇ ਮੂਰਤ ਨਿਮਰਤਾ ਦੀ, ਬੜਾ
ਮਿੱਠਾ ਤੇ ਨਿੱਘਾ ਸੁਭਾਅ ਤੱਕਿਆ।
ਠਾਠਾਂ ਮਾਰਦਾ ਉਨ੍ਹਾਂ ਦੇ ਮਨ ਅੰਦਰ,
ਗੁਰਮਤਿ ਗਿਆਨ ਦਾ ਸਾਗਰ ਅਥਾਹ
ਤੱਕਿਆ।
ਗਿਆਨ ਵੰਡਣ ਲਈ ਉਨਾਂ ਦੇ ਧੁਰ ਅੰਦਰ,
ਹਰਦਮ ਨਵਾਂ ਉਤਸ਼ਾਹ ਉਮਾਹ ਤੱਕਿਆ।
ਪਰਚਾ 'ਸਾਂਝੀ ਵਿਰਾਸਤ' ਆਰੰਭ ਕਰਕੇ,
ਕਾਰਜ ਉਨ੍ਹਾਂ ਨੇ ਸੀ ਲਾਜਵਾਬ ਕੀਤਾ।
ਲੈ ਕੇ ਚੰਗੇ ਵਿਦਵਾਨਾਂ ਦੇ ਆਰਟੀਕਲ,
ਸ਼ਿੱਦਤ ਨਾਲ ਉਸਨੂੰ ਕਾਮਯਾਬ ਕੀਤਾ।
ਜਿਸ ਨੂੰ ਰੱਬ ਨਿਵਾਜ਼ ਕੇ ਭੇਜਦਾ ਹੈ,
ਵਿਰਲਾ ਵਿਰਲਾ ਕੋਈ ਐਸਾ ਮਨੁੱਖ ਹੁੰਦਾ।

ਉਹ ਪਰਿਵਾਰ ਵੀ ਹੁੰਦਾ ਹੈ ਖੁਸ਼ਕਿਸਮਤ,
ਜਿਸ ਪਰਿਵਾਰ ਦਾ ਉਹ ਪ੍ਰਮੁੱਖ ਹੁੰਦਾ।
ਕਮੀ ਉਹਨਾਂ ਨੂੰ ਵੱਧ ਮਹਿਸੂਸ ਹੁੰਦੀ,
ਜਿਨ੍ਹਾਂ ਮਾਣਿਆ ਓਸ ਦਾ ਸੁੱਖ ਹੁੰਦਾ।
ਜਿੰਨੀ ਜਿੰਨੀ ਵੀ ਕਿਸੇ ਦੀ ਸਾਂਝ ਹੁੰਦੀ,
ਓਨਾ ਉਹਦੇ ਵਿਛੋੜੇ ਦਾ ਦੁੱਖ ਹੁੰਦਾ।
ਜਿਸ ਦੇ ਬੋਲਾਂ ਚ ਏਨੀਂ ਮਿਠਾਸ ਹੋਵੇ,
ਉਹ ਤਾਂ ਸਭ ਦੇ ਮਨਾਂ ਨੂੰ ਮੋਹ ਲੈਂਦਾ।
ਸਦਾ ਵਾਸਤੇ ਓਹਦਾ ਹੀ ਹੋ ਜਾਂਦਾ,
ਇੱਕ ਵਾਰ ਜਿਹੜਾ ਉਹਦੀ ਛੋਹ ਲੈਂਦਾ।
ਗਏ ਕੈਲਗਰੀ ਅਸੀਂ ਜਦ ਮਿਲਣ ਖਾਤਿਰ,
ਦਿੱਤਾ ਉਨ੍ਹਾਂ ਜੋ ਪਿਆਰ, ਉਹ ਭੁੱਲਣਾ ਨਹੀਂ।
ਉਹਨਾਂ ਵਾਂਗ ਹੀ ਬਾਕੀ ਪਰਿਵਾਰ ਨੇ ਵੀ,,
ਦਿੱਤਾ ਜਿਵੇਂ ਸਤਿਕਾਰ, ਉਹ ਭੁੱਲਣਾ ਨਹੀਂ।
ਸੰਗ, ਉਨ੍ਹਾਂ ਦੇ ਸੰਗ ਕੁਝ ਘੰਟਿਆਂ ਦਾ,
ਸਾਨੂੰ ਕਿਸੇ ਪ੍ਰਕਾਰ ਵੀ ਭੁੱਲਣਾ ਨਹੀਂ।
ਐਸਾ ਨੇਕ ਇਨਸਾਨ ਵੀ ਭੁੱਲਣਾ ਨਹੀਂ,
ਐਸਾ ਨੇਕ ਪਰਿਵਾਰ ਵੀ ਭੁੱਲਣਾ ਨਹੀਂ।
ਰਹੇ ਭਾਣੇ ਦੇ ਵਿੱਚ ਪਰਿਵਾਰ ਸਾਰਾ,
ਸਾਡੀ ਸਭ ਦੀ ਇਹੋ ਅਰਦਾਸ ਹੋਵੇ।
'ਨੂਰ'ਵਿਛੜੀ ਹੋਈ ਜੀਵ ਆਤਮਾ ਦਾ,
ਪ੍ਰਭੂ ਚਰਨਾਂ ਦੇ ਵਿੱਚ ਨਿਵਾਸ ਹੋਵੇ॥
ਪ੍ਰਭੂ ਚਰਨਾਂ ਦੇ ਵਿੱਚ ਨਿਵਾਸ ਹੋਵੇ॥

## ਧੰਨੁ ਧੰਨੁ ਸੋ ਗੁਰਸਿਖੁ ਕਹੀਐ

*ਜਸਵਿੰਦਰ ਸਿੰਘ ਰੁਪਾਲ*

ਦੁਨੀਆਂ ਵਿਚ ਬਹੁਤ ਕੁਝ ਸੋਹਣਾ ਹੈ, ਪਵਿੱਤਰ ਹੈ, ਸੁਖਾਵਾਂ ਹੈ ਪਰ ਸਾਨੂੰ ਉਸਦਾ ਉਤਨਾ ਕੁ ਹੀ ਪਤਾ ਲੱਗਦਾ ਹੈ ਜਿੰਨਾ ਕੁ ਸਾਡੇ ਨਾਲ ਉਸਦਾ ਵਾਹ ਪੈਂਦਾ ਹੈ। ਕਾਦਰ ਤਾਂ ਆਪਣੇ ਦੈਵੀ ਗਿਆਨ ਦੀ ਬਖਸ਼ਿਸ਼ ਇੱਕ ਸੂਰਜ ਵਾਂਗ ਲਗਾਤਾਰ ਦੇ ਰਿਹਾ ਹੈ ਪਰ ਇਸ ਤੋਂ ਕੌਣ ਕਿੰਨਾ ਕੁ ਚਾਨਣ ਲੈ ਰਿਹਾ ਹੈ, ਇਹ ਉਸਦੀ ਖੁਦ ਦੀ ਸਮਰੱਥਾ ਅਤੇ ਅਵਸਥਾ ਤੇ ਨਿਰਭਰ ਕਰਦਾ ਹੈ। ਉਸ ਅਸੀਮ ਤਾਕਤ ਨੇ ਆਪਣੇ ਪ੍ਰਕਾਸ਼ ਨੂੰ ਆਪਣੀ ਕੁਦਰਤ ਰਾਹੀਂ ਹੀ ਵੰਡਣਾ ਹੁੰਦਾ ਹੈ ਤੇ ਇਨਸਾਨ ਵੀ ਉਸ ਕਾਇਨਾਤ ਦਾ ਇੱਕ ਹਿੱਸਾ ਹੈ। ਇਸ ਲਈ ਇਹ ਪ੍ਰਕਾਸ਼ ਨੂੰ ਵੰਡਣ ਅਤੇ ਪ੍ਰਾਪਤ ਕਰਨ ਵਿਚ ਉਸਦਾ ਵੀ ਵੱਡਾ ਯੋਗਦਾਨ ਹੈ।

ਕੈਲਗਰੀ ਨਿਵਾਸੀ ਡਾਕਟਰ ਸੁਰਜੀਤ ਸਿੰਘ ਭੱਟੀ ਉਹਨਾਂ ਚੋਣਵੇਂ ਇਨਸਾਨਾਂ ਵਿਚੋਂ ਇੱਕ ਸਨ, ਜਿਹਨਾਂ ਤੇ ਉਸ ਕਾਦਰ ਨੇ ਵਿਸ਼ੇਸ਼ ਬਖਸ਼ਿਸ਼ ਕੀਤੀ ਕਿ ਉਹ ਉਸਦੇ ਗੁੱਝੇ ਭੇਦਾਂ ਦੀ ਖੋਜ ਕਰਨ, ਜਿੰਨਾ ਕੁ ਉਹ ਪ੍ਰਾਪਤ ਕਰਨ ਉਸਨੂੰ ਹੋਰ ਅੱਗੇ ਪਹੁੰਚਾਉਣ ਵੀ। ਪ੍ਰਭੂ ਦੇ ਉਸ ਅਗੰਮੀ ਅਤੇ ਵਿਸਮਾਦੀ ਗਿਆਨ ਨੂੰ ਜਾਨਣ ਅਤੇ ਮਾਨਣ ਲਈ ਦੋ ਰਸਤੇ ਬਹੁਤ ਵਿਸ਼ਾਲ ਅਤੇ ਦਿਲਚਸਪ ਹਨ। ਇੱਕ ਬਾਹਰਮੁਖੀ ਹੈ ਜੋ ਵਿਗਿਆਨ ਅਖਵਾਉਂਦਾ ਹੈ ਜਿਹੜਾ ਕਾਦਰ ਦੇ ਭੇਦ ਉਸਦੀ ਕੁਦਰਤ ਦੇ ਨਿਯਮਾਂ ਰਾਹੀਂ ਲੱਭਦਾ ਹੈ ਅਤੇ ਵਿਗਿਆਨਕ ਤਰੀਕੇ ਅਪਣਾ ਕੇ ਕੁਝ ਭੇਦਾਂ ਨੂੰ ਜਾਹਰ ਕਰ ਕੇ ਸਭ ਸੰਸਾਰ ਨੂੰ ਹੈਰਾਨ ਕਰਦਾ ਹੈ। ਦੂਸਰਾ ਤਰੀਕਾ ਅੰਤਰਮੁਖੀ ਹੈ ਜਿਹੜਾ ਆਪਣੇ ਅੰਦਰ ਜਗਦੀ ਹੋਈ ਉਸਦੀ ਜੋਤ ਨੂੰ ਪਹਿਚਾਣਦਾ ਹੈ, ਉਸਤੋਂ ਮਿਲੀ ਰੋਸ਼ਨੀ ਨਾਲ ਸ਼ਾਂਤ ਅਤੇ ਸੰਤੁਸ਼ਟ ਹੁੰਦਾ ਹੈ। ਇਸ ਅੰਦਰਲੇ ਚਾਨਣ ਨਾਲ ਰੱਜੀ ਹੋਈ ਰੂਹ ਜਦੋਂ ਬਾਹਰੀ ਜਗਤ ਨਾਲ ਮਿਲਦੀ ਹੈ, ਉਹ ਅਗਿਆਨਤਾ, ਭਰਮ ਅਤੇ ਤੰਗਦਿਲੀ ਦੇ ਹਨੇਰਿਆਂ ਨੂੰ ਚੀਰ ਸੁੱਟਦੀ ਹੈ ਅਤੇ ਹਰ ਮਿਲਣ ਵਾਲੇ ਨੂੰ ਆਪਣੀਆਂ ਬਾਹਾਂ ਫੈਲਾ ਕੇ ਆਪਣੀ ਪ੍ਰੇਮ-ਗਲਵਕੜੀ ਦਾ ਨਿੱਘ ਦਿੰਦੀ ਹੈ। ਡਾਕਟਰ ਭੱਟੀ ਹੋਰਾਂ ਦੋਵੇਂ ਰਸਤਿਆਂ ਦੀ ਯਾਤਰਾ ਹੀ ਨਹੀਂ ਕੀਤੀ, ਸਗੋਂ ਇਹਨਾਂ ਵਿੱਚ ਬਾਹਰੀ ਜਗਤ ਨੂੰ ਨਜ਼ਰ ਆਉਂਦੀ ਦੂਰੀ ਮੇਟਣ ਦੀ ਕੋਸ਼ਿਸ਼ ਵੀ ਕੀਤੀ ਅਤੇ ਇੱਕ ਸੰਤੁਲਨ ਪੈਦਾ ਕਰਕੇ ਵਿਗਿਆਨਕ-ਧਰਮ ਅਤੇ ਧਾਰਮਿਕ -ਵਿਗਿਆਨ ਦੀ ਸਿੱਖਿਆ ਵੀ ਦਿੱਤੀ।

ਮੇਰਾ ਉਹਨਾਂ ਨਾਲ ਸੰਬੰਧ ਮੈਡਮ ਸ੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਜੀ ਰਾਹੀਂ ਜੁੜਿਆ। ਗਰੇਵਾਲ ਜੀ ਨਾਲ ਮੇਰੇ ਸਾਹਿਤਿਕ ਸੰਬੰਧ ਸਨ, ਮਿਲਿਆ ਉਹਨਾਂ ਨੂੰ ਵੀ ਇੱਥੇ ਕੈਲਗਰੀ ਵਿਖੇ ਹੀ ਸਾਂ। ਜਲਦੀ ਹੀ ਉਹਨਾਂ ਮੈਨੂੰ ਈ ਦੀਵਾਨ ਸੋਸਾਇਟੀ ਵਿੱਚ ਸ਼ਾਮਲ ਕਰ ਲਿਆ। ਇਸ ਸੋਸਾਇਟੀ ਦੀ ਸਥਾਪਨਾ ਡਾਕਟਰ ਭੱਟੀ ਹੋਰਾਂ ਨੇ ਕਰੋਨਾ ਕਾਲ ਦੌਰਾਨ ਕੀਤੀ ਸੀ। ਇਹ ਸੋਸਾਇਟੀ ਗੁਰਮਤਿ ਨੂੰ ਸਮਰਪਿਤ ਹੈ ਜਿਸ ਵਿੱਚ ਜ਼ੂਮ ਰਾਹੀਂ ਆਨਲਾਈਨ ਪਾਠ, ਗੁਰਮਤਿ ਵਿਚਾਰਾਂ ਆਦਿ ਹੁੰਦੀਆਂ ਸਨ। ਸੋਸਾਇਟੀ ਦੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਦੇ ਨਾਲ ਨਾਲ ਸੋਸਾਇਟੀ ਵੱਲੋਂ ਆਨਲਾਈਨ ਮੈਗਜ਼ੀਨ ਸਾਂਝੀ ਵਿਰਾਸਤ ਜਿਸ ਦੇ ਮੁੱਖ ਸੰਪਾਦਕ ਵੀ ਭੱਟੀ ਸਾਹਿਬ ਹੀ ਸਨ, ਵਿੱਚ ਵੀ ਮੇਰੀਆਂ ਰਚਨਾਵਾਂ ਛਪਣ ਲੱਗੀਆਂ। ਇਸ ਤਰਾਂ ਉਹਨਾਂ ਨਾਲ ਵਿਚਾਰ ਵਟਾਂਦਰਾ ਹੋਣ ਲੱਗਿਆ ਜਿਸ ਦਾ ਵਿਸ਼ਾ ਗੁਰਮਤਿ ਅਤੇ ਗੁਰਮਤਿ ਲਿਖਤਾਂ ਹੀ ਹੁੰਦਾ ਸੀ।

ਮੇਰੀ ਉਹਨਾਂ ਨਾਲ ਪਹਿਲੀ ਮੁਲਾਕਾਤ ਯੂਨੀਵਰਸਿਟੀ ਆਫ ਕੈਲਗਰੀ ਵਿੱਚ ਇੱਕ ਗੁਰਮਤਿ ਪ੍ਰੋਗਰਾਮ ਵਿੱਚ ਹੀ ਹੋਈ। ਬਹੁਤ ਹੀ ਪਿਆਰ ਅਤੇ ਨਿੱਘ ਸੀ ਉਹਨਾਂ ਦੀ ਮਿਲਣੀ ਵਿੱਚ। ਇੱਕ ਵਿਦਵਾਨ ਦੇ ਆਖੇ ਸ਼ਬਦ ਉਹਨਾਂ ਤੇ ਪੂਰਾ ਢੁੱਕਦੇ ਨੇ, “ਮਹਾਨ ਲੋਕਾਂ ਦੀ ਮਹਾਨਤਾ ਇਸ ਵਿੱਚ ਹੀ ਹੁੰਦੀ ਹੈ, ਕਿ ਉਹਨਾਂ ਨੂੰ ਮਿਲ ਕੇ ਹਰ ਕੋਈ ਆਪਣੇ ਆਪ ਨੂੰ ਵੱਡਾ ਮੰਨਣ ਲੱਗਦਾ ਹੈ।” ਮੇਰੇ ਵਰਗੇ ਨਿਮਾਣੇ ਵਿਅਕਤੀ ਨੂੰ ਇਸ ਤਰਾਂ ਮਿਲੇ ਜਿਵੇਂ ਕਿਸੇ ਵੱਡੇ ਵਿਦਵਾਨ ਨੂੰ ਮਿਲ ਰਹੇ ਹੋਣ। ਇਹ ਬਿਰਤੀ ਉਹਨਾਂ ਦੀ ਹਰ ਇਨਸਾਨ ਪ੍ਰਤੀ ਹੀ ਸੀ, ਜਿਸ ਨਾਲ ਹਰ ਵਿਅਕਤੀ ਨੂੰ ਆਪਣਾ ਆਪ ਵੱਡਾ ਲੱਗਣ ਲੱਗਦਾ। ਕਿਸੇ ਵੀ ਵਿਅਕਤੀ ਨੂੰ ਸੁਧਾਰਨ ਦਾ ਸਭ ਤੋਂ ਵਧੀਆ ਤਰੀਕਾ ਇਹੋ ਹੈ ਕਿ ਉਸਦੇ ਔਗਣਾਂ ਨੂੰ ਭੁੱਲ ਕੇ ਉਸਦੇ ਛੋਟੇ ਜਿਹੇ ਗੁਣ ਨੂੰ ਵੀ ਵਡਿਆ ਕੇ ਬਹੁਤ ਵੱਡਾ ਕਰਕੇ ਜਾਨਣਾ ਅਤੇ ਹੋਰਾਂ ਨੂੰ ਦੱਸਣਾ। ਮੈਨੂੰ ਸੁਧਾਰਨ ਲਈ ਵੀ ਉਹਨਾਂ ਇਹੋ ਤਰੀਕਾ ਅਪਣਾਇਆ ਸੀ।

ਇਹ ਮੇਰੀ ਬਦਕਿਸਮਤੀ ਰਹੀ ਕਿ ਮੈਂ ਉਹਨਾਂ ਤੋਂ ਬਹੁਤ ਜਿਆਦਾ ਕੁਝ ਪ੍ਰਾਪਤ ਨਹੀਂ ਕਰ ਸਕਿਆ। ਬਹੁਤ ਥੋੜ੍ਹਾ ਸਮਾਂ ਹੀ ਮਿਲ ਸਕਿਆ ਕਿ ਉਹਨਾਂ ਨੂੰ ਦਰਗਾਹੀ ਸੱਦਾ ਆ ਗਿਆ। ਉਹਨਾਂ ਦੀ ਨਿਮਰਤਾ, ਮਿੱਠ ਬੋਲੜਾ ਸੁਭਾਅ ਅਤੇ ਉਤਸ਼ਾਹਿਤ ਕਰਨ ਵਾਲੀ ਆਦਤ ਇੱਕ ਮਿਕਨਾਤੀਸ ਦਾ ਕੰਮ ਕਰਦੀ ਸੀ ਜੋ ਹਰ ਵਿਅਕਤੀ ਨੂੰ ਉਹਨਾਂ ਦਾ ਮੁਰੀਦ ਬਣਾ ਦਿੰਦੀ ਸੀ। ਵਿਗਿਆਨ ਅਤੇ ਗੁਰਬਾਣੀ ਦੇ ਸੁਮੇਲ ਨਾਲ ਸੰਬੰਧਿਤ ਉਹਨਾਂ ਨੇ ਕੁਝ ਲੈਕਚਰ ਈ ਦੀਵਾਨ ਸੋਸਾਇਟੀ ਦੇ ਹਫਤਾਵਾਰੀ ਪ੍ਰੋਗਰਾਮਾਂ ਵਿੱਚ ਦਿੱਤੇ ਵੀ ਸਨ। ਇਹ ਮੇਰੇ ਲਈ ਖਾਸ ਲਾਭਦਾਇਕ ਸਨ, ਕਿਉਂਕਿ ਮੈਂ ਖੁਦ ਇਸ ਵਿਸ਼ੇ ਤੇ ਖੋਜ ਕਰਦਾ ਰਿਹਾ ਹਾਂ। ਮੈਗਜ਼ੀਨ ਦੇ ਸੰਪਾਦਕੀ ਬੋਰਡ ਵਿੱਚ ਸ਼ਾਮਲ ਕਰਨ ਉਪਰੰਤ ਉਹਨਾਂ ਮੈਨੂੰ ਹਰ ਮਹੀਨੇ ਕੋਈ ਲੇਖ ਲਿਖਣ ਲਈ ਪੱਕਾ ਕੀਤਾ। ਮੈਗਜ਼ੀਨ ਦਾ ਵਿਸ਼ੇਸ਼ ਅੰਕ ਮੇਰੀ ਸਲਾਹ ਤੇ ਕੱਢਿਆ ਅਤੇ ਮੈਗਜ਼ੀਨ ਬਾਰੇ ਮੇਰੇ ਤੋਂ ਸਲਾਹ ਲੈਂਦੇ ਰਹਿੰਦੇ। ਇਹ ਉਹਨਾਂ ਦੇ ਵਡੱਪਣ ਦਾ ਹੀ ਸਬੂਤ ਸੀ। ਵਰਨਾ ਉਹਨਾਂ ਨੂੰ ਕੁਝ ਦੱਸਣ ਦੀ ਮੇਰੀ ਔਕਾਤ ਕਿੱਥੇ ??

ਸਿੱਖ ਵਿਗਿਆਨਕਾਂ ਤੇ ਖੋਜ ਕਰਕੇ ਉਹਨਾਂ ਇੱਕ ਪੁਸਤਕ “ਸ਼ੋਮਏ ਫਰੋਮਿਨਏਨਟ ਸ਼ਿਕਹ ਸ਼ਚਿਏਨਟਿਸਟਸ” ਅੰਗਰੇਜ਼ੀ ਵਿੱਚ ਲਿਖੀ ਤੇ ਮੈਨੂੰ ਇਸਦੀ ਪਦਡ ਕਾਪੀ ਭੇਜ ਕੇ ਰੀਵਿਊ ਲਿਖਣ ਲਈ ਆਖਿਆ। ਮੈਂ ਪੁਸਤਕ ਦਾ ਰੀਵਿਊ ਪੰਜਾਬੀ ਵਿੱਚ ਲਿਖ ਕੇ ਕੁਝ ਅਖਬਾਰਾਂ ਵਿੱਚ ਛਪਵਾ ਦਿੱਤਾ ਤੇ ਬੜੇ ਖੁਸ਼ ਹੋਏ। ਪੁਸਤਕ ਅਜੇ ਛਪੀ ਹੀ ਸੀ ਕਿ ਉਹ ਬਿਮਾਰ ਹੋ ਗਏ। ਕੁਝ ਦਿਨ ਹਸਪਤਾਲ ਰਹੇ, ਛੁੱਟੀ ਮਿਲਣ ਉਪਰੰਤ ਮੈਨੂੰ ਕਿਹਾ ਕਿ ਇਸਨੂੰ ਜਲਦੀ ਰਿਲੀਜ਼ ਕਰਵਾਉਣਾ ਹੈ। ਗੁਲਾਟੀ ਪਬਲਿਸ਼ਰਜ਼ ਵਲੋਂ ਲਗਾਈ ਪੁਸਤਕ ਪ੍ਰਦਰਸ਼ਨੀ ਵਿੱਚ ਉਹ ਖੁਦ, ਉਹਨਾਂ ਦੇ ਬੇਟੇ ਡਾਕਟਰ ਬਲਰਾਜ ਜੀ ਅਤੇ ਮੈਂ ਪੁਸਤਕ ਰਿਲੀਜ਼ ਕਰ ਦਿੱਤੀ ਸੀ। ਸ਼ਾਇਦ ਉਹਨਾਂ ਨੂੰ ਆਪਣਾ ਸਮਾਂ ਨਜ਼ਦੀਕ ਲੱਗਿਆ ਹੋਵੇ ਵਰਨਾ ਅਸੀਂ ਪੁਸਤਕ ਸਾਹਿਤ ਸਭਾ ਦੀ ਮੀਟਿੰਗ ਵਿੱਚ ਹੀ ਰਿਲੀਜ਼ ਕਰਨਾ ਚਾਹੁੰਦੇ ਸੀ, ਜੋ ਕਿ ਕੈਲਗਰੀ ਲੇਖਕ ਸਭਾ ਨੇ ਕੀਤੀ ਵੀ ਸੀ। ਇਹੀ ਦੋ ਮੌਕੇ ਸਨ ਇੱਕ ਗੁਲਾਟੀ ਪਬਲਿਸ਼ਰਜ਼ ਦੀ ਪ੍ਰਦਰਸ਼ਨੀ ਅਤੇ ਦੂਜਾ ਸਾਹਿਤ ਸਭਾ ਦੀ ਮੀਟਿੰਗ, ਜਿਹਨਾਂ ਵਿਚ ਮੈਂ ਉਹਨਾਂ ਨੂੰ ਮਿਲਿਆ ਸੀ। ਵਰਨਾ ਬਾਕੀ ਸਮੇਂ ਤਾਂ ਸਿਰਫ ਆਨਲਾਈਨ ਹੀ ਮੁਲਾਕਾਤ ਹੋਈ ਸੀ। ਉਹਨਾਂ ਦਾ ਜਾਣ ਪਹਿਚਾਣ ਖੇਤਰ ਇੰਨਾ ਵੱਡਾ ਸੀ ਕਿ ਜਦੋ ਵੀ ਮੈਂ ਕਿਤੇ ਕੈਲਗਰੀ ਨਿਵਾਸੀ ਵਜੋਂ ਪੇਸ਼ ਹੋਇਆ ਤਾਂ ਮਿਲਣ ਵਾਲੇ ਹਰ ਵਿਦਵਾਨ (ਖਾਸ ਕਰਕੇ ਸਿੱਖ ਵਿਦਵਾਨ) ਨੇ ਭੱਟੀ ਸਾਹਿਬ ਨੂੰ ਯਾਦ ਕੀਤਾ ਅਤੇ ਮੈਨੂੰ ਉਹਨਾਂ ਦੇ ਸ਼ਹਿਰ ਰਹਿਣ ਤੇ ਵੱਡ ਭਾਗਾ ਦੱਸਿਆ।

ਅਸਲ ਵਿੱਚ ਮਿਲਣੀ ਤਾਂ ਵਿਚਾਰਾਂ ਦਾ ਅਦਾਨ ਪ੍ਰਦਾਨ ਹੀ ਹੁੰਦਾ ਹੈ, ਆਨਲਾਈਨ ਜਾਂ ਆਫਲਾਈਨ ਕੋਈ ਬਹੁਤਾ ਮਾਇਨੇ ਨਹੀਂ

ਰੱਖਦਾ। ਗੁਰਮਤਿ ਦੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਹੀ ਪ੍ਰਚਾਰਨਾ ਉਹਨਾਂ ਦਾ ਇੱਕ ਮਿਸ਼ਨ ਸੀ। ਜਿੰਨਾ ਕੁ ਮੈਂ ਉਹਨਾਂ ਦੇ ਗੁਰਮਤਿ ਵਿਚਾਰਾਂ ਤੋਂ ਜਾਣੂ ਹੋ ਸਕਿਆ ਹਾਂ, ਸਿਰਫ ਇੱਕ ਦੋ ਮਸਲਿਆਂ ਨੂੰ ਛੱਡ ਕੇ ਮੇਰੀ ਉਹਨਾਂ ਨਾਲ ਸਹਿਮਤੀ ਹੀ ਸੀ। ਵਧੇਰੇ ਸਮਾਂ ਮਿਲਦਾ ਸ਼ਾਇਦ ਉਹਨਾਂ ਤੇ ਵੀ ਸਹਿਮਤੀ ਬਣ ਜਾਂਦੀ। ਇੱਕ ਗੱਲ ਜਿਹੜੀ ਉਹਨਾਂ ਵਿੱਚ ਬਹੁਤ ਜਿਆਦਾ ਸੀ ਅਤੇ ਮੈਂ ਉਸਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਆਪਣੀ ਸੋਚ ਵਿਚ ਕੁਝ ਤਬਦੀਲੀ ਕਰਨ ਦੀ ਕੋਸ਼ਿਸ਼ ਵੀ ਕਰ ਰਿਹਾ ਹਾਂ, ਉਹ ਇਹ ਕਿ ਉਹ ਨਕਾਰਾਤਮਕ ਪੱਖ ਤੇ ਬਹਿਸ ਨਹੀਂ ਸੀ ਕਰਨਾ ਚਾਹੁੰਦੇ । ਬੜਾ ਕੁਝ ਅਜਿਹਾ ਹੈ ਜੋ ਸਿੱਖ ਕੌਮ ਵਿੱਚ ਠੀਕ ਨਹੀਂ ਹੋ ਰਿਹਾ, ਉਸ ਬਾਰੇ ਜਾਗ੍ਰਤ ਹੋਣਾ ਜਰੂਰੀ ਹੈ, ਪਰ ਜਿਆਦਾ ਆਲੋਚਨਾ ਕਰਨ ਨਾਲੋਂ ਉਸਨੂੰ ਛੱਡ ਕੇ ਚੰਗੇ ਪੱਖ ਤੇ ਧਿਆਨ ਦਿੱਤਾ ਜਾਵੇ ਅਤੇ ਉਸ ਚੰਗੇ ਦਾ ਹੀ ਪ੍ਰਚਾਰ ਕੀਤਾ ਜਾਵੇ। ਇਹ ਉਸਾਰੂ ਸੋਚ ਵਿਅਕਤੀ ਦੇ ਨਿੱਜੀ ਵਿਕਾਸ ਵਿੱਚ ਬਹੁਤ ਸਹਾਈ ਹੈ। ਮੈਨੂੰ ਲੱਗਦਾ ਹੈ ਕਿ ਮੇਰੀ ਆਲੋਚਨਾ ਕਰਨ ਦੀ ਬਿਰਤੀ ਨੂੰ ਕੁਝ ਹੱਦ ਤੱਕ ਘਟਾਉਣ ਵਿਚ ਉਹਨਾਂ ਦਾ ਯੋਗਦਾਨ ਜਰੂਰ ਰਿਹਾ ਹੈ , ਭਾਵੇ ਉਹਨਾਂ ਨੇ ਇਹ ਕੰਮ ਬਹੁਤ ਸਹਿਜ ਅਤੇ ਸ਼ਾਂਤ ਰਹਿ ਕੇ ਕੀਤਾ।

ਪਰਮਾਤਮਾ ਦੇ ਹੁਕਮ ਅੱਗੇ ਕੋਈ ਜੋਰ ਨਹੀਂ ਹੈ। ਉਹਨਾਂ ਦਾ ਸਰੀਰਕ ਰੂਪ ਵਿੱਚ ਸਾਥ ਇੰਨਾ ਹੀ ਸੀ। ਹੁਣ ਫੋਨ ਤੇ ਵੀ ਗੱਲ ਨਹੀਂ ਹੋ ਸਕਣੀ। ਪਰ ਉਹਨਾਂ ਦੀ ਵਿਚਾਰਧਾਰਾ ਸਾਡੇ ਵਿਚਕਾਰ ਹੈ। ਉਹਨਾਂ ਦੇ ਹਰ ਅਧੂਰੇ ਕੰਮ ਨੂੰ ਪੂਰਾ ਕਰਨਾ ਸਾਡੇ ਸਾਰਿਆਂ ਦਾ ਫਰਜ ਹੈ। ਵਾਹਿਗੁਰੂ ਕਰੇ, ਉਹਨਾਂ ਦੀ ਇੱਕੋ ਇੱਕ ਦਿਲੀ ਇੱਛਾ ਕਿ ਅਸੀਂ ਗੁਰਬਾਣੀ ਦੀ ਸੇਧ ਅਨੁਸਾਰ ਜੀਵਨ ਜਿਊ ਸਕੀਏ, ਪੂਰੀ ਹੋਵੇ ਅਤੇ ਅਸੀਂ ਸਭ ਗੁਰਬਾਣੀ ਤੋਂ ਗਿਆਨ ਲੈ ਕੇ ਆਪਣੇ ਅਮਲਾਂ ਵਿਚ ਲਿਆ ਸਕੀਏ। ਇਹੀ ਉਹਨਾਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਏਗੀ। ਸਦਾ ਸਿੱਖਦੇ ਰਹਿਣਾ, ਨਿਮਰਤਾ ਵਿੱਚ ਵਿਚਰਨਾ, ਗੁਰਮਤਿ ਵਿਚਾਰਾਂ ਤੇ ਦ੍ਰਿੜ੍ਹ ਰਹਿਣਾ, ਹਰ ਮਿਲਣ ਵਾਲੇ ਵਿਚੋਂ ਗੁਣ ਲੱਭ ਕੇ ਉਸਨੂੰ ਵਡਿਆਉਣਾ ਅਤੇ ਉਹ ਗੁਣ ਬਣਾਈ ਰੱਖਣ ਵਿੱਚ ਸਹਾਈ ਹੋਣਾ। ਵਿਗਿਆਨਕ ਨਜ਼ਰੀਏ ਨਾਲ ਖੋਜ ਜਾਰੀ ਰੱਖਣੀ, ਪਰ ਹਮੇਸ਼ਾ ਆਪਣੇ ਆਪ ਨੂੰ ਅਣਜਾਣ ਹੀ ਸਮਝਣਾ ਆਦਿ ਅਨੇਕ ਅਜਿਹੇ ਗੁਣ ਹਨ ਜਿਹੜੇ ਹਮੇਸ਼ਾ ਸਾਡਾ ਰਾਹ ਦਰਸਾਉਂਦੇ ਰਹਿਣਗੇ। ਉਹਨਾਂ ਦਾ ਗੁਰਸਿੱਖੀ ਜੀਵਨ ਧੰਨਤਾ ਦੇ ਯੋਗ ਹੈ।

ਗੁਰ ਫੁਰਮਾਨ ਹੈ:--

"ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮੁ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥"
(ਪੰਨਾ ੫੯੩, ਪਉੜੀ)

ਪਰਮਾਤਮਾ ਸਾਨੂੰ ਬਲ ਬਖਸ਼ੇ ਕਿ ਅਸੀਂ ਉਹਨਾਂ ਦੇ ਜੀਵਨ ਨੂੰ ਮਾਡਲ ਮੰਨ ਕੇ ਆਪਣੀ ਜੀਵਨ ਜਾਚ ਬਣਾ ਸਕੀਏ।

***ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣ॥***

*ਗੁਰਦੀਸ਼ ਕੌਰ ਗਰੇਵਾਲ (ਕੈਲਗਰੀ, ਕੈਨੇਡਾ)*

ਸਤਿਕਾਰਤ ਡਾਕਟਰ ਸੁਰਜੀਤ ਸਿੰਘ ਭੱਟੀ ਜੀ 18 ਫਰਵਰੀ 2026 ਨੂੰ, ਆਪਣੀ ਸੰਸਾਰਕ ਯਾਤਰਾ ਸੰਪੂਰਨ ਕਰਕੇ, ਗੁਰੂ ਚਰਨਾਂ ਵਿੱਚ ਜਾ ਬਿਰਾਜੇ। 1943 ਵਿੱਚ ਅੰਮ੍ਰਿਤਸਰ ਦੇ ਇੱਕ ਪਿੰਡ ਵਿੱਚ ਜਨਮੇ, ਡਾਕਟਰ ਭੱਟੀ, ਇੱਕ ਅੰਤਰਰਾਸ਼ਟਰੀ ਪੱਧਰ ਦੇ ਭੌਤਿਕ ਵਿਗਿਆਨੀ, ਵਧੀਆ ਸਿੱਖਿਆ ਸ਼ਾਸਤਰੀ ਕੁਸ਼ਲ ਪ੍ਰਬੰਧਕ ਅਤੇ ਸਿੱਖ ਸਕੌਲਰ ਸਨ। ਇੰਨੀ ਵਿਦਵਤਾ ਹੋਣ ਦੇ ਬਾਵਜੂਦ, ਉਹ ਬਹੁਤ ਹੀ ਨਿਮਰ ਸ਼ਖ਼ਸੀਅਤ ਦੇ ਮਾਲਕ ਸਨ।

ਡਾਕਟਰ ਭੱਟੀ ਨੇ 1972 ਵਿੱਚ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਫਿਜਿਕਸ ਦੇ ਮੁਖੀ ਪ੍ਰੋਫੈਸਰ ਦੀ ਸੇਵਾ ਸੰਭਾਲੀ ਅਤੇ ਇਥੋਂ ਹੀ ਡੀਨ ਬਣ ਕੇ 2003 ਵਿੱਚ ਰਿਟਾਇਰ ਹੋਏ। ਰਿਟਾਇਰਮੈਂਟ ਉਪਰੰਤ, ਜਿੱਥੇ ਇੰਜਨੀਅਰਿੰਗ ਕਾਲਜ ਅੰਮ੍ਰਿਤਸਰ ਦੇ ਸੰਸਥਾਪਕ ਡਾਇਰੈਕਟਰ ਬਣੇ, ਉਥੇ ਬੜੂ ਸਾਹਿਬ ਕਾਲਜ ਆਫ ਇੰਜਨੀਅਰਿੰਗ ਨਾਲ ਜੁੜ ਕੇ, ਅਕਾਲ ਯੂਨੀਵਰਸਿਟੀ ਦੇ ਵਿਕਾਸ ਵਿੱਚ ਵੀ ਮੁੱਖ ਭੂਮਿਕਾ ਨਿਭਾਈ ਅਤੇ ਆਦੇਸ਼ ਇੰਜਨੀਅਰਿੰਗ ਇੰਸਟੀਚਿਊਟ ਦੇ ਡਾਇਰੈਕਟਰ ਪ੍ਰਿੰਸੀਪਲ ਵੀ ਰਹੇ। ਹੁਣ ਅਧਿਆਪਨ ਕਾਲ ਦੇ ਇਸ ਲੰਬੇ ਸਫਰ ਦੌਰਾਨ ਉਹ ਅਨੇਕਾਂ ਵਿਦਿਆਰਥੀਆਂ ਦੇ ਰਾਹ ਦਸੇਰੇ ਬਣੇ।

ਡਾਕਟਰ ਭੱਟੀ ਇੱਕ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ। ਜਿੱਥੇ ਉਹ, ਇੱਕ ਵਿਦਵਾਨ, ਲੇਖਕ, ਰੀਸਰਚ ਸਕੌਲਰ ਸਨ- ਉਥੇ ਉਹ ਇੱਕ ਪੂਰਨ ਗੁਰਸਿੱਖ ਵੀ ਸਨ। ਉਹ ਸਾਇੰਸ ਨੂੰ ਗੁਰਬਾਣੀ ਨਾਲ ਜੋੜ ਕੇ ਦੇਖਦੇ ਸਨ, ਜਦ ਕਿ ਸਾਇੰਸ ਪੜ੍ਹਨ ਵਾਲੇ ਬਹੁਤੇ ਵਿਅਕਤੀ ਅਕਸਰ ਨਾਸਤਕ ਹੋ ਜਾਂਦੇ ਹਨ। ਪਰ ਉਹਨਾਂ ਨੇ ਆਪਣੇ ਬਹੁਤ ਸਾਰੇ ਲੈਕਚਰ ਗੁਰਬਾਣੀ ਅਤੇ ਵਿਗਿਆਨ ਦਾ ਸੁਮੇਲ ਕਰਕੇ ਦਿੱਤੇ। ਉਨਾਂ ਦੇ ਬੋਲਾਂ ਵਿੱਚ ਜੋ ਸਹਿਜ, ਠਰੰਮਾ ਅਤੇ ਮਿਠਾਸ ਸੀ, ਉਹ ਕਿਸੇ ਵਿਰਲੇ ਮਨੁੱਖ ਦੇ ਹੀ ਹਿੱਸੇ ਆਉਂਦਾ ਹੈ।

ਉਹਨਾਂ ਬਾਰੇ ਬਹੁਤ ਕੁਝ ਕਿਹਾ ਸੁਣਿਆ ਜਾ ਸਕਦਾ ਹੈ ਪਰ ਮੈਂ ਸੰਖੇਪ ਵਿੱਚ ਆਪਣੇ ਕੁੱਝ ਅਨੁਭਵ ਸਾਂਝੇ ਕਰਾਂਗੀ।

ਮੇਰਾ ਰਾਬਤਾ ਉਹਨਾਂ ਨਾਲ, ਉਨਾਂ ਦੀ ਨੂੰਹ ਡਾਕਟਰ ਪੂਨਮ ਰਾਹੀਂ ਜੁੜਿਆ। ਡਾਕਟਰ ਪੂਨਮ ਸਾਡੀ ਸਭਾ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮੈਂਬਰ ਸੀ। 2019 ਵਿੱਚ ਜਦੋਂ ਡਾਕਟਰ ਪੂਨਮ ਨੇ ਉਹਨਾਂ ਦੇ ਪੱਕੇ ਤੌਰ ਤੇ ਇੱਥੇ ਆਉਣ ਬਾਰੇ ਸਾਨੂੰ ਦੱਸਿਆ ਤਾਂ ਅਸੀਂ ਉਹਨਾਂ ਨੂੰ "ਫਾਦਰਸ ਡੇ" ਤੇ ਆਪਣੀ ਸਭਾ *ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ* ਵਲੋਂ ਇਨਵਾਈਟ ਕੀਤਾ, ਜੋ ਉਨਾਂ ਨੇ ਖੁਸ਼ੀ ਨਾਲ ਪ੍ਰਵਾਨ ਕਰ ਲਿਆ। ਅਸੀਂ ਉਹਨਾਂ ਦਾ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕੀਤਾ ਅਤੇ ਮੈਂ ਤੇ ਗੁਰਚਰਨ ਥਿੰਦ ਨੇ ਉਨ੍ਹਾਂ ਨੂੰ ਆਪਣੀਆਂ ਪੁਸਤਕਾਂ ਵੀ ਭੇਟ ਕੀਤੀਆਂ। ਉਹਨਾਂ ਨੇ ਖੁਸ਼ੀ ਜ਼ਾਹਿਰ ਕਰਦੇ ਹੋਏ ਕਿਹਾ ਕਿ- ਮੈਨੂੰ ਲੱਗਦਾ ਸੀ ਕਿ ਕੈਲਗਰੀ ਵਿੱਚ ਮੈਨੂੰ ਕੋਈ ਨਹੀਂ ਜਾਣਦਾ, ਪਰ ਅੱਜ ਮੈਨੂੰ ਇਸ ਸਭਾ ਵਿੱਚ ਆ ਕੇ ਇਸ ਗੱਲ ਦੀ ਖੁਸ਼ੀ ਹੋਈ ਕਿ ਮੈਨੂੰ ਇੱਥੇ ਵੀ ਇੰਨੀਆਂ ਭੈਣਾਂ ਪਿਆਰ ਕਰਦੀਆਂ ਹਨ। ਸੋ ਇਸ ਤਰ੍ਹਾਂ ਅਸੀਂ ਉਸ ਸਾਲ ਦਾ *ਪਿਤਾ ਦਿਵਸ*, ਇਕ ਵਿਦਵਾਨ ਪਿਤਾ ਨਾਲ ਮਨਾ ਕੇ, ਹੋਰ ਵੀ ਮਾਣ ਮਹਿਸੂਸ ਕੀਤਾ। ਉਸ ਤੋਂ ਬਾਅਦ ਅਸੀਂ ਉਹਨਾਂ ਨੂੰ ਆਪਣੇ ਘਰ ਵੀ ਪਰਿਵਾਰ ਸਮੇਤ ਬੁਲਾਇਆ, ਜਿਸ ਕਾਰਨ ਸਾਡੀ ਪਰਿਵਾਰਿਕ ਨੇੜਤਾ ਵੀ ਬਣ ਗਈ।

2019 ਵਿੱਚ ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਵੱਲੋਂ ਗੁਰੂ ਰਾਮਦਾਸ ਦਰਬਾਰ ਕੈਲਗਰੀ ਵਿਖੇ ਇਕ ਕੈਂਪ ਲਾਇਆ ਗਿਆ, ਜਿਸ ਵਿੱਚ ਸਾਡੇ ਨਾਲ ਡਾਕਟਰ ਪੂਨਮ ਅਤੇ ਉਹਨਾਂ ਦੀ ਬੇਟੀ ਸਬੀਨਾ ਕੌਰ ਵਲੰਟੀਅਰ ਸੇਵਾਵਾਂ ਨਿਭਾਅ ਰਹੀਆਂ ਸਨ। ਮੈਂ ਦੂਜੇ ਦਿਨ ਡਾਕਟਰ ਪੂਨਮ ਨੂੰ ਆਪਣੇ ਮੰਮੀ ਡੈਡੀ ਨੂੰ ਵੀ ਕੈਂਪ ਵਿੱਚ ਲਿਆਉਣ ਲਈ ਬੇਨਤੀ ਕੀਤੀ। ਅਗਲੇ ਦਿਨ ਜਦੋਂ ਇਹ ਦੋਵੇਂ ਕੈਂਪ ਵਿੱਚ ਆਏ ਤਾਂ ਵੀਰ ਜੀ ਨੇ ਸੰਗਤ ਵਿੱਚ ਬੈਠਣ ਤੋਂ ਇਲਾਵਾ, ਲਿਟਰੇਚਰ ਤੇ ਵਲੰਟੀਅਰ ਸੇਵਾਵਾਂ ਵੀ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਪਤਾ ਲੱਗਦਾ ਹੈ ਕਿ ਇਸ ਉਮਰ ਵਿੱਚ ਵੀ ਉਹਨਾਂ ਦੇ ਅੰਦਰ ਵਲੰਟੀਅਰ ਸੇਵਾਵਾਂ ਕਰਨ ਦਾ ਕਿੰਨਾ ਚਾਅ ਸੀ।

ਛੇਤੀ ਹੀ ਕੋਵਿਡ ਆ ਗਿਆ ਅਤੇ ਗੁਰੂ ਘਰਾਂ ਵਿੱਚ ਆਉਣਾ ਜਾਣਾ ਬੰਦ ਹੋ ਗਿਆ। ਉਨ੍ਹਾਂ ਨੇ ਆਪਣੇ ਬੇਟੇ ਰਾਜਾ ਬਲਰਾਜ ਸਿੰਘ ਨੂੰ ਪ੍ਰੇਰਨਾ ਦੇ ਕੇ, ਧਾਰਮਿਕ ਰੁਚੀ ਵਾਲੇ ਪਰਿਵਾਰਾਂ ਲਈ ਇਕ ਆਨਲਾਈਨ ਮੰਚ ਤਿਆਰ ਕੀਤਾ। ਜੋ *ਈ ਦੀਵਾਨ ਸੁਸਾਇਟੀ ਕੈਲਗਰੀ* ਦੇ ਨਾਮ ਨਾਲ ਪਿਛਲੇ ਛੇ ਸੱਤ ਸਾਲ ਤੋਂ ਲਗਾਤਾਰ ਕਾਰਜਸ਼ੀਲ ਹੈ। ਇਸ ਦੇ ਹਫਤਾਵਾਰ ਸਮਾਗਮਾਂ ਵਿੱਚ ਮੇਰੇ ਸਮੇਤ, ਹੋਰ ਬਹੁਤ ਸਾਰੇ ਦੇਸ਼ ਵਿਦੇਸ਼ ਦੇ ਵਿਦਵਾਨਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ। ਇਸ ਮੰਚ ਤੋਂ ਦਿੱਤੇ ਹੋਏ ਉਹਨਾਂ ਦੇ ਵੱਖ ਵੱਖ ਵਿਸ਼ਿਆਂ ਤੇ 31 ਲੈਕਚਰ, ਇਸ ਸੰਸਥਾ ਦੇ ਯੂਟਿਊਬ ਚੈਨਲ ਤੇ ਸੁਣੇ ਜਾ ਸਕਦੇ ਹਨ।

ਦੋ ਕੁ ਸਾਲ ਬਾਅਦ ਉਹਨਾਂ ਨੇ ਇਸ ਮੰਚ ਤੇ ਕਵੀ ਦਰਬਾਰਾਂ ਦੀ ਪਰੰਪਰਾ ਸ਼ੁਰੂ ਕਰਵਾਈ- ਜਿਸ ਨੂੰ ਕਰਾਉਣ ਦੀ ਜਿੰਮੇਵਾਰੀ ਉਹਨਾਂ ਨੇ ਮੈਨੂੰ ਸੌਂਪ ਦਿੱਤੀ। ਭਾਵੇਂ ਉਹ ਆਪ ਵਾਰਤਕ ਲਿਖਦੇ ਸਨ, ਪਰ ਉਹਨੂੰ ਕਵਿਤਾ ਨਾਲ ਵੀ ਅਥਾਹ ਪਿਆਰ ਸੀ ਅਤੇ ਕਵੀਆਂ ਦੇ ਕਦਰਦਾਨ ਸਨ। ਕਵੀ ਦਰਬਾਰ ਸ਼ੁਰੂ ਹੋਣ ਨਾਲ, ਈ- ਦੀਵਾਨ ਸੁਸਾਇਟੀ ਦੀ ਸੰਗਤ ਨੂੰ, ਬਹੁਤ ਸਾਰੇ ਨਵੇਂ ਪੁਰਾਣੇ ਕਵੀਆਂ ਨੂੰ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ।

ਉਹ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਵੀ ਕੁੱਝ ਹੋਰ ਕਰਨਾ ਚਾਹੁੰਦੇ ਸਨ ਕਿਉਂਕਿ ਉਹ ਮਾਂ ਬੋਲੀ ਪੰਜਾਬੀ ਨੂੰ ਬੇਹੱਦ ਪਿਆਰ ਕਰਦੇ ਸਨ। ਇਸ ਲਈ ਉਹਨਾਂ ਨੇ ਇੱਕ ਆਨਲਾਈਨ ਮੈਗਜ਼ੀਨ ਕੱਢਣ ਦਾ ਸੁਝਾਅ ਸਾਡੇ ਅੱਗੇ ਰੱਖਿਆ। ਐਡੀਟੋਰੀਅਲ ਬੋਰਡ ਬਣਿਆਂ, ਅਸੀਂ ਉਹਨਾਂ ਨੂੰ ਮੁੱਖ ਸੰਪਾਦਕ ਬਣਾਇਆ, ਜਿਸ ਦਾ ਨਾਮ ਉਹਨਾਂ ਨੇ *ਸਾਂਝੀ ਵਿਰਾਸਤ* ਰੱਖਿਆ। ਪਿਛਲੇ ਚਾਰ ਸਾਲ ਤੋਂ ਇਹ ਆਨਲਾਈਨ ਮਾਸਿਕ ਮੈਗਜ਼ੀਨ, ਉਨ੍ਹਾਂ ਦੀ ਮਿਹਨਤ ਸਦਕਾ, ਪੰਜਾਬੀ ਸਾਹਿਤ ਜਗਤ ਵਿੱਚ, ਆਪਣੀ ਅਹਿਮ ਭੂਮਿਕਾ ਨਿਭਾ ਰਹੀ ਹੈ। ਨਵੰਬਰ ਦਸੰਬਰ 2025 ਵਿੱਚ ਇਸ ਦਾ *ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ* ਕੱਢਿਆ ਗਿਆ ਅਤੇ ਹੁਣ ਫਰਵਰੀ ਮਹੀਨੇ ਦਾ, ਸਿੱਖ ਜਰਨੈਲਾਂ ਨੂੰ ਸਮਰਪਿਤ ਅੰਕ ਕੱਢਣ ਦੀ ਪੂਰੀ ਤਿਆਰੀ ਉਹ ਕਰੀ ਬੈਠੇ ਸਨ ਕਿ ਉਹਨਾਂ ਨੂੰ ਧੁਰੋਂ ਸੱਦਾ ਆ ਗਿਆ।

ਡਾਕਟਰ ਸੁਰਜੀਤ ਸਿੰਘ ਭੱਟੀ ਜੀ ਨੇ, ਜਿੱਥੇ ਸਿਲੇਬਸ ਦੀਆਂ ਸਾਇੰਸ ਦੀਆਂ ਕਿਤਾਬਾਂ ਲਿਖੀਆਂ, ਉਥੇ ਉਹਨਾਂ ਨੇ 2025 ਵਿੱਚ, ਇਕ ਅਨਮੋਲ ਪੁਸਤਕ ਸਾਹਿਤ ਵੀ ਝੋਲੀ ਪਾਈ। ਅੰਗਰੇਜ਼ੀ ਵਿੱਚ ਛਪੀ ਇਹ ਪੁਸਤਕ- *ਸ਼ੋਮਏ ਫਰੋਮਿਨਏਨਟ ਸ਼ਕਿਹ ਸ਼ਚਿਏਨਟਿਸਟਸ* ਪ੍ਰੋਫੈਸਰ ਪੂਰਨ ਸਿੰਘ ਤੋਂ ਲੈ ਕੇ 15 ਖੋਜੀ ਵਿਗਿਆਨੀਆਂ ਦੀਆਂ ਖੋਜਾਂ ਅਤੇ ਪ੍ਰਾਪਤੀਆਂ ਦਾ ਬਾਖੂਬੀ ਜ਼ਿਕਰ ਕਰਦੀ ਹੈ। 4 ਅਕਤੂਬਰ, 2025 ਨੂੰ ਅਸੀਂ *ਕੈਲਗਰੀ ਲੇਖਕ ਸਭਾ* ਵੱਲੋਂ ਇਸ ਪੁਸਤਕ ਨੂੰ ਰਿਲੀਜ਼ ਕੀਤਾ। ਉਸ ਸਮੇਂ ਅਸੀਂ ਉਹਨਾਂ ਨੂੰ ਦੋ ਬੇਨਤੀਆਂ ਕੀਤੀਆਂ- ਇੱਕ ਇਸ ਦਾ ਪੰਜਾਬੀ ਅਨੁਵਾਦ ਕਰਨਾ, ਤੇ ਦੂਜਾ ਇਸਦਾ ਅਗਲਾ ਭਾਗ ਲਿਖਣਾ। ਉਹ ਹੁਣ ਇਸ

ਦੇ ਦੂਜੇ ਭਾਗ ਦੀ ਤਿਆਰੀ ਕਰ ਰਹੇ ਸਨ। ਸੋ ਉਹਨਾਂ ਦੇ ਤੁਰ ਜਾਣ ਨਾਲ ਸਾਡੇ ਸਾਹਿਤ ਜਗਤ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਹੈ।


ਉਹਨਾਂ ਨੇ ਮੈਨੂੰ ਭੈਣਾਂ ਵਾਲਾ ਪਿਆਰ ਸਤਿਕਾਰ ਦਿੱਤਾ ਜਦ ਕਿ ਮੈਂ ਵੀ ਉਹਨਾਂ ਨੂੰ ਆਪਣਾ ਵੱਡਾ ਭਰਾ ਜਾਣ ਕੇ ਮਾਣ ਦਿੰਦੀ। ਮੈਨੂੰ ਯਾਦ ਹੈ ਕਿ 2022 ਵਿੱਚ ਮੇਰੀਆਂ ਦੋ ਪੁਸਤਕਾਂ ਉਹਨਾਂ ਦੇ ਕਰ ਕਮਲਾਂ ਨਾਲ ਰਿਲੀਜ਼ ਹੋਈਆਂ ਕਿਉਂਕਿ ਉਸ ਸਮਾਗਮ ਵਿੱਚ ਉਹ ਮੁੱਖ ਮਹਿਮਾਨ ਸਨ।

ਉਹ ਇੱਕ ਚੰਗੇ ਬੁਲਾਰੇ ਹੀ ਨਹੀਂ ਸਨ ਸਗੋਂ ਇਕ ਵਧੀਆ ਸਰੋਤੇ ਵੀ ਸਨ। ਹਰ ਇੱਕ ਗੈਸਟ ਸਪੀਕਰ ਨੂੰ ਉਹ ਬੜੇ ਧਿਆਨ ਨਾਲ ਸੁਣਦੇ ਅਤੇ ਆਪਣੇ ਸਾਰਥਕ ਕੁਮੈਂਟ ਵੀ ਦਿੰਦੇ। ਕਵੀ ਦਰਬਾਰਾਂ ਵਿੱਚ ਵੀ ਉਹ ਕਵੀਆਂ ਦਾ ਧੰਨਵਾਦ ਜਰੂਰ ਕਰਦੇ। ਮੈਗਜ਼ੀਨ ਦੇ ਹਰ ਅੰਕ ਦੇ ਮੈਟਰ ਲਈ ਉਹ ਸਾਡੇ ਸਾਰਿਆਂ ਨਾਲ ਸਲਾਹ ਕਰਦੇ ਰਹਿੰਦੇ। ਹਰ ਮਹੀਨੇ ਦੇ ਦਿਨ ਤਿਉਹਾਰ ਯਾਦ ਕਰਾ ਕੇ, ਮੈਨੂੰ ਆਪਣੀ ਕਵਿਤਾ ਜਾਂ ਆਰਟੀਕਲ ਭੇਜਣ ਲਈ ਕਹਿੰਦੇ।

ਪਿਛਲੇ ਛੇ ਸੱਤ ਸਾਲਾਂ ਵਿੱਚ, ਉਹਨਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਉਹਨਾਂ ਦੀ ਘਾਟ ਸਾਨੂੰ ਹਮੇਸ਼ਾ ਰੜਕਦੀ ਰਹੇਗੀ।

*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥* ਦੇ ਮਹਾਂਵਾਕ ਅਨੁਸਾਰ, ਭਾਵੇਂ ਅੱਜ ਉਹ ਸਰੀਰਕ ਤੌਰ ਤੇ ਸਾਡੇ ਤੋਂ ਵਿੱਛੜ ਗਏ ਹਨ, ਪਰ ਉਹ ਆਪਣੇ ਬੋਲਾਂ ਅਤੇ ਆਪਣੀਆਂ ਲਿਖਤਾਂ ਰਾਹੀਂ, ਹਮੇਸ਼ਾ ਸਾਡੇ ਦਿਲਾਂ ਵਿੱਚ ਜ਼ਿੰਦਾ ਰਹਿਣਗੇ!!

ਮੈਂ ਸਾਰੀਆਂ ਸਭਾਵਾਂ ਵੱਲੋਂ ਸ਼ੋਕ ਮਤਾ ਪੇਸ਼ ਕਰਦੀ ਹੋਈ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ। ਅਰਦਾਸ ਹੈ ਕਿ ਵਾਹਿਗੁਰੂ ਪਰਿਵਾਰ ਸਮੇਤ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਅਤੇ ਸਾਨੂੰ ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਸੁਮੱਤ ਦੇਵੇ !!






## ਵਿਗਿਆਨ, ਧਰਮ ਸ਼ਾਸਤਰ ਅਤੇ ਮਨੁਖਤਾ ਦਾ ਸੁਮੇਲ

### ਡਾ ਸੁਰਜੀਤ ਸਿੰਘ ਭੱਟੀ

**ਡਾ. ਮਨਮੋਹਨ ਕੌਰ (ਦਿੱਲੀ ਯੁਨਵਿਰਸਿਟੀ)**

ਪੂਰੀ ਦੁਨਿਆ ਵਿੱਚ ਕੋਵਿਡ ਆਪਣੇ ਜੋਬਨ ਤੇ ਸੀ, ਪ੍ਰੋਫੈਸਰ ਭੱਟੀ ਨੇ ਈ-ਦੀਵਾਨ ਦੀ ਇੱਕ ਵਿਲੱਖਣ ਤੇ ਚੰਗੀ ਸ਼ੁਰੂਆਤ ਕਰਕੇ ਜ਼ੋਮ ਦੇ ਰਾਹੀਂ ਦੇਸ਼ਾਂ ਵਿਦੇਸ਼ਾਂ ਦੀ ਸੰਗਤ ਜੋੜੀ। ਮੇਰੀ ਮੁਲਾਕਾਤ ਵੀ ਉਨ੍ਹਾਂ ਨਾਲ ਈ-ਦੀਵਾਨ ਵਿੱਚ ਹੋਈ। ਦੀਵਾਨ ਵਿੱਚ ਕਈ ਵਿਦਵਾਨਾਂ ਦੇ ਸ਼ਾਮਲ ਹੁੰਦੇ ਹੋਏ ਵੀ ਸਬ ਆਪ ਜੀ ਵੱਲ ਹੋਰ ਬੇਹਤਰ observaitons ਅਤੇ comments ਵਾਸਤੇ ਦੇਖਦੇ ਸੀ।

ਕੋਵਿਡ ਨੂੰ ਤੇ ਠੱਲ੍ਹ ਪੇ ਗਈ ਪਰ ਗੁਰੂ ਦੀ ਮੇਹਰ ਦਾ ਸਦਕਾ ਈ-ਦੀਵਾਨ ਅੱਜ ਵੀ ਬਹੁਤ ਜੋਸ਼ ਨਾਲ ਜਾਰੀ ਹੈ, ਪਰ ਇਕ ਸਦੀਵੀ ਘਾਟਾ ਡਾੱ ਸੁਰਜੀਤ ਸਿੰਘ ਭੱਟੀ ਦੇ ਗੁਰਪੁਰੀ ਸਿਧਾਣ ਨਾਲ ਪੈ ਗਿਆ। ਗੁਰੂ ਸਾਹਿਬ ਦਾ ਫੁਰਮਾਨ ਹੈ

"ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥ ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥"

ਡਾ. ਭੱਟੀ ਵਿਗਿਆਨ ਦੇ ਪ੍ਰੋਫੈਸਰ , ਮਹਾਨ ਧਰਮ ਸ਼ਾਸਤਰੀ , ਅਤੇ ਕਵੀ ਸਨ,ਆਪ ਜੀ ਨੇ ਵਿਗਿਆਨ, ਸਿੱਖ ਇਤਿਹਾਸ ਤੇ ਗੁਰਬਾਣੀ ਨੂੰ ਬੜੀ ਡੂੰਘਾਈ ਤੇ ਸਚਾਈ ਨਾਲ ਜੋੜ ਕੇ ਇੱਕ ਸੱਚੇ ਪੁਨਰਜਾਗਰਣ ਦਾ ਉਦਾਹਰਣ ਪੇਸ਼ ਕੀਤਾ।

ਉਨ੍ਹਾ ਦੇ ਨਿਮਿਤ ਇੱਕ ਛੋਟੀ ਜਿਹੀ ਸ਼ਰਧਾਂਜਲੀ

"ਭੌਤਿਕ ਵਿਗਿਆਨ ਦੀ ਦੁਨੀਆ ਵਿੱਚ ਇੱਕ ਪ੍ਰਕਾਸ਼ਮਾਨ, ਤੁਹਾਡੀ ਖੋਜ ਨਵੀਆਂ ਸਰਹੱਦਾਂ ਨੂੰ ਰੌਸ਼ਨ ਕਰਦੀ ਹੈ, ਅਤੇ ਤੁਹਾਡੇ ਸ਼ਬਦ ਇੱਕ ਮਾਸਟਰ ਬੁਲਾਰੇ ਵਾਂਗ ਮਨਾਂ ਨੂੰ ਜਗਾਉਂਦੇ ਹਨ। ਫਿਰ ਵੀ ਪ੍ਰਯੋਗਸ਼ਾਲਾ ਅਤੇ ਲੈਕਚਰ ਹਾਲ ਤੋਂ ਪਰੇ, ਤੁਸੀਂ ਗੁਰਬਾਣੀ ਦੀ ਸਿਆਣਪ ਨੂੰ ਮੂਰਤੀਮਾਨ ਕਰਦੇ ਹੋ, ਹਰ ਭਾਸ਼ਣ ਵਿੱਚ ਸਿੱਖ ਸਾਹਿਤ ਅਤੇ ਗੁਰਬਾਣੀ ਨੂੰ ਬੁਣਦੇ ਹੋ ,ਵਿਗਿਆਨ ਅਤੇ ਅਧਿਆਤਮਿਕਤਾ ਦਾ ਇੱਕ ਦੁਰਲੱਭ ਮਿਸ਼ਰਣ । ਤੁਹਾਡੀ ਮੌਜੂਦਗੀ ਉਤਸੁਕਤਾ, ਹਮਦਰਦੀ ਅਤੇ ਵਿਦਵਤਾ ਨੂੰ ਸ਼ਰਧਾਂਜਲੀ ਹੈ। ਤੁਹਾਡੀ ਵਿਰਾਸਤ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇ, ਜਿਵੇਂ ਕਿ ਸਦੀਵੀ ਬਾਣੀਆਂ ਕਰਦੀਆਂ ਹਨ।

”

## ਸੰਝਾਂ ਦਾ ਸੂਰਜ: ਪ੍ਰੋ. ਡਾ. ਸਰਦਾਰ ਸੁਰਜੀਤ ਸਿੰਘ ਭੱਟੀ

ਮਨਿੰਦਰ ਸਿੰਘ

ਡਿੱਠਾ ਇਕ ਸੰਝਾਂ ਦਾ ਸੂਰਜ ਅਦਭੁਤ ਅਤੇ ਨਿਰਾਲਾ
ਜਿਉਂ ਜਿਉਂ ਢਲਿਆ, ਤੇਜ ਓਸਦਾ ਹੋਰ ਵੀ ਹੋਇਆ ਬਾਹਲਾ।
ਬਹੁਤੇ ਸੂਰਜ ਸ਼ਾਮਾਂ ਵੇਲੇ ਧੁੰਦਾਂ ਵਿਚ ਘਿਰ ਜਾਂਦੇ
ਧੁੱਪਾਂ ਹਵਾਵਾਂ ਝਖੜਾਂ ਤੂਫ਼ਾਨਾ ਦੀਆਂ ਹੀ ਬਾਤਾਂ ਪਾਉਂਦੇ।
ਪਰ ਇਸ ਸੂਰਜ ਨੇ ਜਿਸ ਤੇ ਵੀ ਸਾਂਝ ਦੀ ਕਿਰਨ ਟਿਕਾਈ
ਉਸਦੀ ਸੁੱਤੀ ਸੁਰਤ ਨੇ ਪਰਤੀ ਚਾਨਣ ਦੀ ਅੰਗੜਾਈ।
ਦੇਸ ਵਿਦੇਸ਼ੀਂ ਗੁਰੂ ਵਾਲਿਆਂ ਰਲ ਸਤਿਸੰਗਤ ਸਜਾਈ
ਕੀਰਤਨ ਕਥਾ ਸ਼ਬਦ ਵਿਚਾਰਾਂ, ਕਵਿਤਾ ਦੀ ਵਾਰੀ ਆਈ।
ਕਲਮਾਂ ਵਾਲਿਆਂ ਨੂੰ ਵੀ ਮਿਲਿਆ ਉਤਸ਼ਾਹ ਤੇ ਨਵਾਂ ਹੁਲਾਰਾ
“ਸਾਂਝੀ ਵਿਰਾਸਤ “ਦਾ ਚਲਿਆ ਇਕ ਹੋਰ ਕਾਫ਼ਲਾ ਨਿਆਰਾ।

ਨਾਮ ਦੀ ਰੰਗਤ ਵਿਚ ਰੰਗੇ ਗਏ ਕਈ ਪਰਵਾਰ ਪਿਆਰੇ
ਮਾਪਿਓ ਨਾਲ ਬੇਟੇ ਬੇਟੀਆਂ ਬੱਚੇ ਬੁੱਢੇ ਸਾਰੇ।
ਘਰ ਘਰ ਦੇ ਵਿਚ ਗੂੰਜਣ ਲਗੇ, ਗੁਰਬਾਣੀ ਦੇ ਜੈਕਾਰੇ
ਕਈਆਂ ਆਪਣੇ ਸਾਂਭ ਕੇ ਰੱਖੇ ਚਿੱਤਰ ਆਣ ਸ਼ਿੰਗਾਰੇ।
ਸਿਆਣੇ ਉੱਚੇ ਵਿਚਾਰਾਂ ਵਾਲੇ ਵੀ ਘਰ ਘਰ ਚਲ ਆਏ
ਨਾਮ ਦੇ ਲਾਲ ਜਵਾਹਰ ਮੋਤੀਆਂ ਹਿਰਦੇ ਕਈ ਸਜਾਏ।
ਗੁਰ ਫ਼ਤਹਿ ਬੁਲਾਕੇ ਸੂਰਜ ਤੁਰ ਗਿਆ ਕਿਸੇ ਅਗਮ ਦੇ ਦੇਸ
ਸ਼ਾਲਾ ਉਸਦਾ ਵੰਡਿਆ ਚਾਨਣ ਰੌਸ਼ਨ ਰਹੇ ਹਮੇਸ਼।
ਓਸਦੀ ਮਿੱਠੀ ਯਾਦ ‘ਚ ਆਵੋ ਸਾਰੇ ਸੀਸ ਝੁਕਾਈਏ ।
ਰਲ ਮਿਲ ਉਸਦੇ ਦੱਸੇ ਰਾਹ ਚਲੀਏ ਜੀਵਨ ਸਫ਼ਲ ਬਣਾਈਏ

# ਮਮਤਾ, ਮੇਹਰ ਅਤੇ ਅਸੀਸਾਂ ਦੀ ਅਮਿੱਟ ਧਰੋਹਰ - ਮੇਰੇ ਪਿਤਾ ਜੀ
# ਭੌਤਿਕ ਵਿਗਿਆਨ ਅਤੇ ਗੁਰਬਾਣੀ ਦੇ ਮਹਾਨ ਵਿਦਵਾਨ,
# ਗੁਰਮੁਖ ਤੇ ਗੁਰਸਿੱਖ ਡ) ਪੋ (•ਸੁਰਜੀਤ ਸਿੰਘ ਜੀ ਭੱਟੀ ਨੂੰ ਨਮਨ |

**ਸ਼੍ਰੀਮਤੀ ਬ੍ਰਿਜਮਿੰਦਰ ਕੌਰ (ਜੈਪੁਰ, ਭਾਰਤ)**

ਇੱਕ ਪਿਤਾ ਜੋ ਕਿ ਜੀਵਨ ਨੂੰ ਸਵਾਰਣ ਵਾਲੀ ਪ੍ਰੇਰਨਾ ਦਾ ਸਰੋਤ ਬਨੇ। ਆਪ ਜੀ ਗਿਆਨ ਦੇ ਅਨਮੋਲ ਖ਼ਜ਼ਾਨੇ ਅਤੇ ਮੀਠੀ ਆਵਾਜ਼ ਦਾ ਸੰਗਮ ਸਨ। ਆਪ ਜੀ ਦੇ ਅਨੰਤ ਗਿਆਨ ਦੀ ਚਮਕ ਹਰ ਇਨਸਾਨ ਨੂੰ ਪ੍ਰਭਾਵਿਤ ਕਰਦੀ ਸੀ। ਇੱਕ ਏਸਾ ਦੀਪਕ ਜਿਸ ਦੀ ਜੋਤ ਅਨੇਕ ਇਨਸਾਨਾਂ ਦਾ ਮਾਰਗਦਰਸ਼ਨ ਕਰ ਸਕਦੀ ਹੈ।

ਓਹਨਾ ਦੀ ਕਲਮ ਨੇ ਏਹ ਸਚ ਉਜਾਗਰ ਕੀਤਾ ਕਿ ਸ੍ਰੇਸ਼ਠ ਅਭਿਵਜਕਤਿ ਦਾ ਆਧਾਰ ਉਚੀ ਦ੍ਰਿਸ਼ਟੀ ਤੇ ਪਵਿੱਤਰ ਸ਼੍ਰਵਨ ਨਾਲ ਹੋਂਦਾ ਹੈ।

ਸਾਂਝੀ ਵਿਰਾਸਤ ਅਤੇ ਈ ਦੀਵਾਨ ਦਾ ਸੰਚਾਲਨ ਓਹਨਾਂ ਦੀ ਲਗਨ ਅਤੇ ਮੇਹਨਤ ਦੀ ਖ਼ੂਬਸੂਰਤ ਕੋਸ਼ਿਸ਼ ਦਾ ਪ੍ਰਮਾਣ ਹੈ।

ਏਹ ਮੰਚ ਆਪ ਜੀ ਦੇ ਸੰਸਕਾਰਾਂ ਦੀ ਸੁਗੰਧ ਨਾਲ ਹੀ ਮਹਕ ਰਹਿਆ ਹੈ।

ਅਪਨੀ ਮਾਤ੍ਰ ਭਾਸ਼ਾ ਪੰਜਾਬੀ ਨਾਲ ਗਹਰਾ ਲਗਾਵ ਹੀ ਸਾਂਝੀ ਵਿਰਾਸਤ ਦਾ ਆਧਾਰ ਹੈ ਜੋ ਕਿ ਸਾਡੇ ਵਾਸਤੇ ਗੋਰਵਮਈ ਗਲ ਹੈ।

ਅਧਿਆਤਮ ਅਤੇ ਸਾਇੰਸ ਨੂੰ ਸਮ੍ਮਿਲਿਤ ਕਰਕੇ ਅਨੇਕ ਲੇਖ ਲਿਖੇ ਜੋ ਕਿ ਇਕ ਦੁਰਲੱਭ ਕਲਾ ਹੈ।

ਈ ਦੀਵਾਨ ਵਿਚ ਅਧੋਜਿਤ ਹੋਏ ਕਵਿ ਦਰਬਾਰ ਅਤੇ ਅਨੇਕ ਰਚਨਾਤਮਕ ਕਾਰਯਕ੍ਰਮ ਏਸੇ ਉਦਾਹਰਣ ਹਨ ਜੋ ਕਿ ਆਪ ਜੀ ਦੇ ਉਚ੍ਚ ਵਿਚਾਰਾਂ ਦੀ ਤਰਫ ਸੰਕੇਤ ਕਰਦੇ ਹਨ।

ਓਹਨਾਂ ਨੇ ਅਪਨੀ ਅਨੋਖੀ ਯੋਗਤਾ ਅਤੇ ਲਗਨ ਨਾਲ ਅਨੇਕਾਂ ਅਨੇਕ ਕਮ ਸਫਲਤਾ ਨਾਲ ਪੂਰੇ ਕੀਤੇ।

ਆਪ ਜੀ ਦੀ ਲੇਖਨ ਸ਼ੈਲੀ ਦੀ ਪ੍ਰਸਤੁਤਿ ਇਤਨੀ ਪ੍ਰਭਾਵਸ਼ਾਲੀ ਹੋਂਦੀ ਸੀ ਕਿ ਏਹ ਅਨੁਭਵ ਹੋਂਦਾ ਸੀ ਕਿ ਗਿਆਨ ਕਿਤਨੀ ਸਰਲਤਾ ਅਤੇ ਸਪੱਸ਼ਟਤਾ ਨਾਲ ਰੋਸ਼ਨ ਕੀਤਾ ਗਿਆ ਹੈ

# ਮੇਰੇ "ਭੱਟੀ ਵੀਰ ਜੀ"

## ਹਰਪ੍ਰੀਤ ਕੌਰ (ਸ੍ਰੀ ਅੰਮ੍ਰਿਤਸਰ ਸਾਹਿਬ)

ਮੈਂ ਸਰਦਾਰ ਸੁਰਜੀਤ ਸਿੰਘ ਭੱਟੀ ਜੀ, ਜਿਨ੍ਹਾਂ ਨੂੰ ਅਸੀਂ ਸਾਰੇ ਪਿਆਰ ਨਾਲ "ਭੱਟੀ ਵੀਰ ਜੀ" ਕਹਿੰਦੇ ਹਾਂ, ਦੀ ਯਾਦ ਵਿੱਚ ਆਪਣੇ ਵਿਚਾਰ ਆਪ ਸਭ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ।

ਭੱਟੀ ਵੀਰ ਜੀ ਮੇਰੇ ਮਾਸੀ ਜੀ ਦੇ ਪੁੱਤਰ ਸਨ, ਜੋ ਕਿ ਇੱਕ ਬਹੁਤ ਹੀ ਪਿਆਰੇ ਅਤੇ ਨੇਕ ਇਨਸਾਨ ਸਨ। ਉਹ ਮੈਨੂੰ ਅਕਸਰ ਕਹਿੰਦੇ ਹੁੰਦੇ ਸਨ ਕਿ "ਤੂੰ ਮੇਰੀ ਸਭ ਤੋਂ ਛੋਟੀ ਭੈਣ ਹੈਂ," ਅਤੇ ਮੈਨੂੰ ਬਹੁਤ ਪਿਆਰ ਦਿੰਦੇ ਸਨ। ਬਚਪਨ ਤੋਂ ਹੀ ਮੇਰੇ ਮਾਤਾ-ਪਿਤਾ ਉਹਨਾਂ ਦੀਆਂ ਉਦਾਹਰਨਾਂ ਦਿੰਦੇ ਹੋਏ ਕਹਿੰਦੇ ਸਨ ਕਿ ਤੁਸੀਂ ਵੀ ਉਹਨਾਂ ਵਾਂਗ ਪੜ੍ਹੋ ਅਤੇ ਕੁਝ ਬਣੋ।

ਮੇਰੇ ਲਈ ਉਹ ਭਰਾ ਦੇ ਨਾਲ-ਨਾਲ ਦੋਸਤ, ਫ਼ਿਲਾਸਫ਼ਰ ਅਤੇ ਗਾਈਡ ਵੀ ਸਨ। ਭਾਵੇਂ ਉਹ ਮੇਰੇ ਤੋਂ ਉਮਰ ਵਿੱਚ ਬਹੁਤ ਵੱਡੇ ਸਨ, ਪਰ ਮੈਂ ਉਹਨਾਂ ਨਾਲ ਆਪਣੇ ਦਿਲ ਦੀ ਹਰ ਗੱਲ ਸਾਂਝੀ ਕਰ ਲੈਂਦੀ ਸੀ।

ਮੈਂ ਬਚਪਨ ਤੋਂ ਹੀ ਉਹਨਾਂ ਨੂੰ ਆਪਣਾ ਜੀਵਨ, ਅਨੁਸ਼ਾਸਨ ਨਾਲ ਗੁਜ਼ਾਰਦਿਆਂ ਦੇਖਿਆ ਸੀ। ਮੈਂ ਵੀ ਉਹਨਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਦੀ ਰਹਿਨੁਮਾਈ ਸਦਕਾ ਖਾਲਸਾ ਕਾਲਜ, ਡੀ.ਏ.ਵੀ. ਕਾਲਜ ਅਤੇ ਜੰਮੂ ਯੂਨੀਵਰਸਿਟੀ ਤੋਂ ਐੱਮ.ਏ., ਬੀ.ਐਡ. ਅਤੇ ਹੋਰ ਕਈ ਕੋਰਸ ਕੀਤੇ।

ਮੈਨੂੰ ਯਾਦ ਹੈ ਕਿ ਜਦੋਂ ਮੈਂ ਖਾਲਸਾ ਕਾਲਜ ਵਿੱਚ ਪੜ੍ਹਦੀ ਸੀ, ਮੈਂ ਜਦੋਂ ਮਰਜ਼ੀ ਆਪਣੀਆਂ ਸਹੇਲੀਆਂ ਨੂੰ ਨਾਲ ਲੈ ਕੇ ਉਹਨਾਂ ਦੇ ਘਰ ਚਲੀ ਜਾਂਦੀ ਸੀ। ਮਾਸੀ ਜੀ, ਅਤੇ ਖ਼ਾਸ ਕਰਕੇ ਮੇਰ ਪਿਆਰੇ ਭਾਬੀ ਜੀ (ਸ੍ਰੀਮਤੀ ਨਰਿੰਦਰ ਕੌਰ ਜੀ) ਬਹੁਤ ਖੁਸ਼ ਹੁੰਦੇ ਸਨ। ਮੇਰੇ ਭਾਬੀ ਜੀ ਨੇ ਵੀ ਮੈਨੂੰ ਬਹੁਤ ਪਿਆਰ ਦਿੱਤਾ ਹੈ। ਉਹਨਾਂ ਦਾ ਆਪਣੇ ਹੱਥਾਂ ਨਾਲ ਕੁਝ ਨਾ ਕੁਝ ਬਣਾਉਣਾ ਅਤੇ ਫਿਰ ਬੜੇ ਪਿਆਰ ਨਾਲ ਸਾਨੂੰ ਖਵਾਉਣਾ, ਮੈਨੂੰ ਕਦੇ ਨਹੀਂ ਭੁੱਲ ਸਕਦਾ।

ਮੇਰੇ ਵਿਆਹ ਤੋਂ ਬਾਅਦ ਮੇਰੇ ਸੋਹਰੇ ਪਰਿਵਾਰ ਦੇ ਵੀਰ ਜੀ, ਅਤੇ ਉਹਨਾਂ ਦੇ ਪਰਿਵਾਰ ਨਾਲ, ਬਹੁਤ ਵਧੀਆ ਸੰਬੰਧ ਬਣ ਗਏ। ਅਸੀਂ ਸਾਰਿਆਂ ਨੇ ਇੱਕ-ਦੂਜੇ ਨਾਲ ਮਿਲਣਾ-ਜੁਲਣਾ ਸ਼ੁਰੂ ਕਰ ਦਿੱਤਾ। ਮੇਰੇ ਫਾਦਰ-ਇਨ-ਲਾ, ਸਰਦਾਰ ਸੁਭਾਸ ਸਿੰਘ ਬੱਗਾ ਜੀ, ਜੋ ਕਿ ਖੁਦ ਇੱਕ ਅਧਿਆਪਕ ਸਨ, ਨਾਲ ਭੱਟੀ ਵੀਰ ਜੀ ਦੀ ਬੜੀ ਦੋਸਤੀ ਹੋ ਗਈ, ਕਿਉਂਕਿ ਦੋਵੇਂ ਹੀ ਇੱਕੋ ਜਿਹੀ ਸ਼ਖਸੀਅਤ ਦੇ ਮਾਲਕ ਸਨ।

ਮੇਰੀ ਜ਼ਿੰਦਗੀ ਦੀ ਇੱਕ ਖ਼ਾਹਿਸ਼ ਸੀ ਕਿ ਮੈਂ ਆਪਣੇ ਪਤੀ ਸਰਦਾਰ ਅਮਨਪ੍ਰੀਤ ਸਿੰਘ ਬੱਗਾ ਜੀ ਦੇ ਨਾਲ ਇੱਕ ਵਿਦਿਅਕ ਸੰਸਥਾ ਬਣਾਵਾਂ। 2003 ਵਿੱਚ, ਭੱਟੀ ਵੀਰ ਜੀ ਦੀ ਅਗਵਾਈ ਵਿੱਚ ਅਸੀਂ "ਬੱਗਾ ਕਾਲਜ ਆਫ ਐਜੂਕੇਸ਼ਨ" ਦੇ ਨਾਮ'ਤ ਇੱਕ ਸੰਸਥਾ ਸ਼ੁਰੂ ਕੀਤੀ, ਜੋ ਕਿ ਵੇਰਕੇ ਵਿੱਚ ਸਥਿਤ ਸੀ। ਇਸ

ਵਿੱਚ ਅਸੀਂ ਸਾਰੇ ਟੀਚਰ ਟ੍ਰੇਨਿੰਗ ਕੋਰਸ ਸ਼ੁਰੂ ਕੀਤੇ, ਅਤੇ ਪਰਮਾਤਮਾ ਦੀ ਬਹੁਤ ਮਿਹਰ ਸਦਕਾ ਇਹ ਸੰਸਥਾ ਬਹੁਤ ਹੀ ਸਫਲ ਹੋਈ। ਸਤਾਰਾਂ ਸਾਲ ਮੈਂ ਇਸ ਸੰਸਥਾ ਵਿੱਚ ਪ੍ਰਿੰਸੀਪਲ ਵਜੋਂ ਕੰਮ ਕੀਤਾ। ਇਸ ਸੰਸਥਾ ਦੇ ਸਾਲਾਨਾ ਸਮਾਰੋਹਾਂ 'ਤੇ ਅਸੀਂ ਭੱਟੀ ਵੀਰ ਜੀ ਨੂੰ ਚੀਫ ਗੈਸਟ ਵਜੋਂ ਬੁਲਾਉਂਦੇ ਰਹੇ, ਜਿਨ੍ਹਾਂ ਦੀ ਤਸਵੀਰ ਅੱਜ ਵੀ ਮੇਰੇ ਕੋਲ ਹੈ।

ਭੱਟੀ ਵੀਰ ਜੀ ਇੱਕ ਪੂਰਨ ਸ਼ਖਸੀਅਤ ਦੇ ਮਾਲਕ ਸਨ। ਉਹਨਾਂ ਵਿੱਚ ਸ਼ਖਸੀਅਤ ਦਾ ਹਰ ਪੱਖ - ਮਾਨਸਿਕ, ਸਮਾਜਿਕ, ਭਾਵਾਤਮਕ ਅਤੇ ਧਾਰਮਿਕ ਗੁਣ ਵਿਕਸਿਤ ਸਨ। ਉਹ ਇੱਕ ਮਿਲਣਸਾਰ ਅਤੇ ਸਮਾਜਕ ਅਗਵਾਈ ਕਰਨ ਵਾਲੇ ਵਿਦਵਾਨ, ਅਤੇ ਰੱਬ ਦਾ ਨਾਮ ਜਪਣ ਵਾਲੇ ਇਨਸਾਨ ਸਨ। ਕਿਸੇ ਵੇਲੇ ਉਹ ਡਾਂਟ ਕੇ ਵੀ ਸਮਝਾਉਂਦੇ ਸਨ।

ਮੇਰੇ ਬੱਚੇ ਰਿਜੁਲਦੀਪ ਸਿੰਘ, ਜੋ ਕਿ ਇੰਜੀਨੀਅਰ ਹੈ ਅਤੇ ਦੁਬਈ ਵਿੱਚ ਇੱਕ ਆਈ.ਟੀ. ਕੰਪਨੀ ਵਿੱਚ ਕੰਮ ਕਰ ਰਿਹਾ ਹੈ, ਅਤੇ ਮੇਰੀ ਬੇਟੀ ਸਬਰੀਨ ਕੌਰ, ਜੋ ਕਿ ਬੀ.ਕਾਮ ਅਤੇ ਐਲ.ਐਲ.ਬੀ. ਕਰ ਰਹੀ ਹੈ, ਇਹਨਾਂ ਦੋਵਾਂ ਨੂੰ ਵੀ ਭੱਟੀ ਵੀਰ ਜੀ ਨੇ ਬਹੁਤ ਗਾਈਡੈਂਸ ਦਿੱਤੀ। ਮੇਰੇ ਬੱਚੇ ਭੱਟੀ ਵੀਰ ਜੀ ਅਤੇ ਭਾਬੀ ਜੀ ਨੂੰ ਬਹੁਤ ਪਿਆਰ ਕਰਦੇ ਹਨ। ਅਸੀਂ ਜਦੋਂ ਉਹਨਾਂ ਨੂੰ ਮਿਲਣ ਜਾਂਦੇ ਸਾਂ, ਤਾਂ ਉਹਨਾਂ ਦਾ ਘਰ ਸਾਡੇ ਆਪਣੇ ਘਰ ਵਾਂਗ ਸੀ। ਪਰ ਜਦੋਂ ਉਹ ਦੋਵੇਂ ਹਮੇਸ਼ਾਂ ਲਈ ਕੈਨੇਡਾ ਚਲੇ ਗਏ, ਸਾਡਾ ਮਨ ਬਹੁਤ ਉਦਾਸ ਹੋਇਆ।

ਪਿਛਲੇ ਸਾਲ, 5 ਦਸੰਬਰ 2025 ਨੂੰ ਸਾਡੇ ਵਿਆਹ ਦੀ ਪੱਚੀਵੀਂ ਐਨੀਵਰਸਰੀ ਸੀ। ਇਸ ਸੰਬੰਧ ਵਿੱਚ ਜਦੋਂ ਅਸੀਂ ਵੀਰ ਜੀ ਅਤੇ ਭਾਬੀ ਜੀ ਨੂੰ ਦੱਸਿਆ, ਤਾਂ ਉਹ ਬਹੁਤ ਖੁਸ਼ ਹੋਏ ਅਤੇ ਉਹਨਾਂ ਨੇ ਸਗਨ ਦੇ ਰੂਪ ਵਿੱਚ ਇੱਕ ਆਸ਼ੀਰਵਾਦ ਭੇਜਿਆ, ਜੋ ਕਿ ਮੈਨੂੰ ਅਤੇ ਮੇਰੇ ਜੀਵਨ ਸਾਥੀ ਨੂੰ ਹਮੇਸ਼ਾਂ ਯਾਦ ਰਹੇਗਾ। ਅਸੀਂ ਇਸ ਨੂੰ ਸਦਾ ਸੰਭਾਲ ਕੇ ਰੱਖਾਂਗੇ।

ਫਿਰ 18 ਫਰਵਰੀ 2026 ਨੂੰ ਵੀਰ ਜੀ ਸਾਨੂੰ ਹਮੇਸ਼ਾਂ ਲਈ ਛੱਡ ਕੇ ਚਲੇ ਗਏ। ਉਹ ਸਾਨੂੰ ਸਾਰੀ ਜ਼ਿੰਦਗੀ ਕੁਝ ਨਾ ਕੁਝ ਸਿਖਾਉਂਦੇ ਰਹੇ। ਵੰਡ ਛਕਣ ਅਤੇ ਦੂਜਿਆਂ ਦੀ ਸਹਾਇਤਾ ਕਰਨ ਲਈ ਵੀ ਉਹਨਾਂ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਉਹ ਹਮੇਸ਼ਾਂ ਸਾਡੇ ਦਿਲਾਂ ਵਿੱਚ ਰਹਿਣਗੇ।

ਅੰਤ ਵਿੱਚ ਮੈਂ ਇਹ ਅਰਦਾਸ ਕਰਦੀ ਹਾਂ ਕਿ ਪਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ।

ਸਤਿਕਾਰ ਸਹਿਤ, ਆਪ ਸਭ ਦਾ ਬਹੁਤ-ਬਹੁਤ ਧੰਨਵਾਦ।

# ਗੁਰਮੁਖਿ ਗੁਰਸਿੱਖ ਸੰਤ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ

ਡਾ. ਕਾਬਲ ਸਿੰਘ (ਐਡਮਿੰਟਨ, ਕੈਨੇਡਾ)

ਭੱਟੀ ਸਾਹਿਬ ਨਾਲ ਮੇਰੀ ਜਾਣਕਾਰੀ ਹੋਣ ਦਾ ਸੁਭਾਗ ਕੈਲਗਰੀ ਈ ਦੀਵਾਨ ਰਾਹੀਂ ਹੋਇਆ। ਕੁਝ ਸਮੇ ਬਾਅਦ ਸਾਂਝੀ ਵਿਰਾਸਤ ਰਸਾਲਾ ਸ਼ੁਰੂ ਕਰਨ ਅਤੇ ਇਸ ਵਿਚ ਲੇਖ ਲਿਖਣ ਤੇ ਸੰਪਾਦਕੀ ਮੰਡਲ ਵਿਚ ਹਿਸਾ ਲੈਣ ਰਾਹੀਂ ਉਨ੍ਹਾਂ ਨਾਲ ਵਿਚਾਰ ਵਟਾਂਦਰੇ ਦਾ ਸੁਭਾਗ ਜਿਆਦਾ ਪ੍ਰਾਪਤ ਹੋਣ ਲਗ ਪਿਆ।

ਮੇਰੀ ਤੁਛ ਬੁਧੀ ਅਨੁਸਾਰ ਸੁਰਜੀਤ ਸਿੰਘ ਭੱਟੀ ਸਾਹਿਬ ਨੂੰ ਸੰਬੋਧਨ ਕਰਨ ਲਈ ਗੁਰਮੁਖਿ ਗੁਰਸਿੱਖ ਸੰਤ ਪ੍ਰੋਫੈਸਰ ਡਾਕਟਰ ਦੀਆਂ ਉਪਾਦੀਆਂ ਵਰਤਣੀਆਂ ਯੋਗ ਹਨ।

ਭੱਟੀ ਸਾਹਿਬ ਨੇ ਪੀ.ਐਚ.ਡੀ. ਕਰਕੇ ਡਾਕਟਰ (ਡਾ.), ਯੁਨੀਵਰਸਿਟੀ ਵਿਚ ਤੇ ਹੋਰ ਕਾਲਜਾਂ ਵਿਚ ਪੜਾਉਣ ਅਤੇ ਨਵੇਂ ਕਾਲਜ ਸ਼ੁਰੂ ਕਰਨ ਰਾਹੀਂ ਪ੍ਰੋਫੈਸਰ ਦੀਆਂ ਉਪਾਦੀਆਂ ਪ੍ਰਾਪਤ ਕਰ ਲਈਆਂ।

ਉਪਰ ਲਿਖੇ ਤੋਂ ਅਗੇ ਉਨ੍ਹਾਂ ਵਲੋਂ ਈ ਦੀਵਾਨ ਤੇ ਗੁਰਮਤਿ ਸਬੰਧਤ ਹੋਰ ਕਈ ਪ੍ਰੋਗਰਾਮਾਂ ਵਿਚ ਹਮੇਸ਼ਾਂ ਗੁਰਬਾਣੀ, ਗਿਆਨ, ਨਿੰਮ੍ਰਤਾ ਤੇ ਸਹਿਨਸ਼ੀਲਤਾ ਨਾਲ ਭਰਪੂਰ ਬਹੁਤ ਉਚ ਕੋਟੀ ਦੀਆਂ ਪੇਸ਼ਕਾਰਿਆਂ ਤੇ ਵਿਚਾਰ ਪ੍ਰਗਟ ਕੀਤੇ ਜਾਂਦੇ ਸਨ। ਇਸ ਨਾਲ ਸਾਂਝੀ ਵਿਰਾਸਤ ਵਿਚ ਹਰ ਮਹੀਨੇਂ ਮੁੱਖ ਸੰਪਾਦਕ ਵਜੋਂ ਲਿਖਤ ਤੇ ਹੋਰ ਲਿਖਤਾਂ ਵੀ ਹਮੇਸ਼ਾਂ ਅਤਿਅੰਤ ਉਚ ਕੋਟੀ ਦੀਆਂ ਹੁੰਦੀਆਂ ਸਨ। ਉਨ੍ਹਾਂ ਦੇ ਗੁਰਬਾਣੀ, ਗਿਆਨ, ਨਿੰਮ੍ਰਤਾ ਤੇ ਸਹਿਨਸ਼ੀਲਤਾ ਨਾਲ ਭਰਪੂਰ ਆਦਰਸ਼ਕ ਜੀਵਨ ਦੇ ਅਧਾਰ ਤੇ ਗੁਰਮੁਖਿ, ਗੁਰਸਿੱਖ ਅਤੇ ਸੰਤ ਜਹੇ ਸਤਿਕਾਰਯੋਗ ਸਨਮਾਨ ਢੁਕਵੇਂ ਹੋਣ ਬਾਰੇ ਕੁਝ ਵਿਚਾਰ ਹੇਠ ਲਿਖੇ ਹਨ।

ਗੁਰੂ ਦੇ ਸਨਮੁਖ ਵਿਅਕਤੀ (ਜੋ ਗੁਰੂ ਤੇ ਉਪਦੇਸ਼ ਤੋਂ ਕਦੇ ਵਿਮੁਖ ਨਹੀ ਹੁੰਦਾ) ਨੂੰ ਮਹਾਨ ਕੋਸ਼ ਵਿਚ ਗੁਰਮੁਖਿ ਦੀ ਉਪਾਧੀ ਵਰਨਣ ਹੈ। ਗੁਰਮੁਖਿ ਵਿਅਕਤੀ ਗੁਰੂ ਦੇ ਉਪਦੇਸ਼ ਤੇ ਗੁਰਬਾਣੀ ਵਿਚ ਧਿਆਨ ਲਾ ਕੇ ਮਨ ਨੂੰ ਜਿਤ ਲੈਂਦਾ ਹੈ।

ਸਮਾਜ ਵਿਚ ਗੁਰੂ ਦੀ ਸਿਖਿਆ ਅਨੁਸਾਰ ਜੀਵਨ ਜਿਉਣ ਵਾਲੇ ਵਿਅਕਤੀ ਨੂੰ ਗੁਰਸਿੱਖ ਦੀ ਉਪਾਧੀ ਨਾਲ ਸਨਮਾਨਤ ਕੀਤਾ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ ਗੁਰੂ ਸਾਹਿਬ ਦੇ ਧਰਮ ਨੂੰ ਧਾਰਣ ਕਰਨ ਵਾਲਾ ਜਾਂ ਅਨੁਆਈ ਗੁਰਿਸਿੱਖ ਹੈ।

ਮਹਾਨ ਕੋਸ਼ ਅਨੁਸਾਰ ਗੁਰੂ ਦਾ ਉਹ ਸਿੱਖ ਸੰਤ ਹੈ ਜਿਸਨੇ ਇੰਦ੍ਰੀਆਂ ਨੂੰ ਟਕਾਇਆ ਹੋਇਆ ਹੈ। ਸਿੱਖ ਸਮਾਜ ਵਿਚ ਪ੍ਰਮਾਤਮਾ ਨਾਲ ਮਿਲਾਪ ਰਾਹੀਂ ਰੂਹਾਨੀ ਤੇ ਬ੍ਰਹਮ ਗਿਆਨ ਤੋਂ ਸ਼ਕਤੀ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਸੰਤ ਸ਼ਬਦ ਨਾਲ ਸਤਕਾਰਿਆ ਜਾਂਦਾ ਹੈ। ਸੰਤ ਦੇ ਬਹੁਤ ਉਚੇ ਸੱਚੇ ਜੀਵਨ ਨੂੰ ਮਿਸਾਲ ਸਮਝਿਆ ਜਾਂਦਾ ਹੈ। ਸਵੈ ਸੱਚ ਤੇ ਅਸਲੀਅਤ ਦੇ ਗਿਆਨੀ ਨੂੰ ਸੰਤ ਦਾ ਸਤਿਕਾਰ ਮਿਲਦਾ ਹੈ। ਗੁਰਮੁਖਿ, ਗੁਰਸਿੱਖ ਤੇ ਸੰਤ ਬਾਰੇ ਵਿਅਖਿਆ ਭੱਟੀ ਸਾਹਿਬ ਦੀ ਜੀਵਨ ਸ਼ੈਲੀ, ਵਿਚਾਰਾਂ ਅਤੇ ਵਿਹਾਰ ਵਿੱਚ ਹਮੇਸ਼ਾਂ ਪੂਰੀ ਤਰਾਂ ਝਲਕਦੀ ਸੀ। ਮੈਂ ਅਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਨੂੰ ਪਿਛਲੇ ਕੁਝ ਸਾਲਾਂ ਵਿਚ ਮਾਨਯੋਗ ਗੁਰਮੁਖਿ, ਗੁਰਸਿੱਖ ਤੇ ਸੰਤ ਵਰਗੇ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ ਸਾਹਿਬ ਨਾਲ ਵਿਚਾਰਾਂ ਦੀ ਸਾਂਝ ਪਾਉਂਣ ਅਤੇ ਉਨ੍ਹਾਂ ਵਲੋਂ ਹਮੇਸ਼ਾਂ ਗੁਰਬਾਣੀ, ਗਿਆਨ, ਨਿੰਮ੍ਰਤਾ ਤੇ ਸਹਿਨਸ਼ੀਲਤਾ ਨਾਲ ਭਰਪੂਰ ਬਹੁਤ ਉਚ ਕੋਟੀ ਦੇ ਵਿਚਾਰ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ।

## ਸਹਿਜਮਤੀ ਮਿਕਨਾਤੀਸੀ ਸਖ਼ਸ਼ੀਅਤ-ਸੁਰਜੀਤ ਸਿੰਘ ਭੱਟੀ ਜੀ

ਗੁਰਚਰਨ ਕੌਰ ਥਿੰਦ, (ਕੈਲਗਰੀ, ਕਨੇਡਾ, 403-402-9635)

ਪਹਿਲੀ ਵਾਰ ਸੁਰਜੀਤ ਸਿੰਘ ਭੱਟੀ ਜੀ ਦੀ ਸਹਿਜਮਤੀ ਮਿਕਨਾਤੀਸੀ ਸਖ਼ਸ਼ੀਅਤ ਨਾਲ ਮੇਲ ਉਦੋਂ ਹੋਇਆ ਜਦੋਂ ਉਹ ਸਾਡੀ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਸਭਾ ਦੀ 'ਫਾਦਰਜ਼ ਡੇ' ਵਾਲੀ ਮੀਟਿੰਗ ਵਿੱਚ ਆਪਣੀ ਨੂੰਹ ਪੂਨਮ ਕੌਰ ਨਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਨ੍ਹਾਂ ਦਾ ਕਹਿਣਾ, 'ਇਹ ਤਾਂ ਔਰਤਾਂ ਦੀ ਮੀਟਿੰਗ ਹੈ, ਮੇਰਾ ਇੱਥੇ ਕੀ ਕੰਮ?' ਇਸ ਦੇ ਜੁਆਬ ਵਿੱਚ ਸਾਡਾ ਇਹ ਆਖਣਾ ਕਿ 'ਤੁਸੀਂ ਸਾਡੇ ਵੱਡੇ ਭਰਾ ਹੋ ਆਪਾਂ ਰਲ ਕੇ 'ਫਾਦਰਜ਼ ਡੇ' ਮਨਾਉਣਾ' ਸਾਡੇ ਲਈ ਵੱਡੇ ਭਰਾ ਦਾ ਹਾਸਲ ਹੋ ਨਿਬੜਿਆ। ਅਸੀਂ ਰਲ ਕੇ ਕੇਕ ਕੱਟਿਆ। ਇਨ੍ਹਾਂ ਨੇ ਆਪਣੇ ਬਾਰੇ ਸਾਂਝ ਪਾਈ ਤਾਂ ਇੱਕ ਅਪਣੱਤ ਹੋਰ ਆ ਜੁੜੀ। ਇਨ੍ਹਾਂ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਫਿਜ਼ਿਕਸ ਦੇ ਪ੍ਰੋਫੈਸਰ ਵਜੋਂ ਨੌਕਰੀ ਕੀਤੇ ਹੋਣ ਦੀ, ਜਿੱਥੇ ਮੇਰੇ ਵੱਡੇ ਭਰਾ ਸੁਖਦੇਵ ਸਿੰਘ ਝੰਡ ਅਸਿਸਟੈਂਟ ਲਾਇਬ੍ਰੇਰੀਅਨ ਵਜੋਂ ਸੇਵਾ ਨਿਭਾ ਰਹੇ ਸਨ। ਫਿਰ ਤਾਂ ਸੱਚਮੁਚ ਹੀ ਵੱਡੇ ਭਰਾ ਵਾਲਾ ਰਿਸ਼ਤਾ ਹੋਰ ਪਕੇਰਾ ਹੋ ਗਿਆ। ਇਸੇ ਮੀਟਿੰਗ ਵਿੱਚ ਇਨ੍ਹਾਂ ਦੇ ਵੱਡੇ ਬੇਟੇ ਡਾ: ਬਲਰਾਜ ਸਿੰਘ ਭੱਟੀ ਦੀ ਮੁਲਾਕਾਤ ਮੇਰੇ ਬੇਟੇ ਖੁਸ਼ਮੀਤ ਸਿੰਘ ਥਿੰਦ ਨਾਲ ਵੀ ਹੋਈ ਜੋ ਕਿ ਇੰਜਨੀਅਰ ਹੈ। ਇਸ ਪ੍ਰਵਾਰ ਦਾ ਤੇ ਸਾਡਾ ਅੰਮ੍ਰਿਤਸਰ ਦਾ ਪਿਛੋਕੜ ਵੀ ਸਾਂਝ ਦੀਆਂ ਗੰਢਾਂ ਹੋਰ ਪੀਡੀਆਂ ਕਰਨ ਦਾ ਸਬੱਬ ਬਣਿਆ।

ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਵਲੋਂ ਗੁਰਦੀਸ਼ ਗਰੇਵਾਲ ਦੀਆਂ ਦੋ ਕਿਤਾਬਾਂ ਰੀਲੀਜ਼ ਕਰਨ ਸਮੇਂ ਡਾ: ਸੁਰਜੀਤ ਸਿੰਘ ਭੱਟੀ ਜੀ ਨੂੰ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਕਰਨ ਦਾ ਮਾਣ ਸਭਾ ਨੂੰ ਹਾਸਲ ਹੋਇਆ। ਇਨ੍ਹਾਂ ਨਾਲ ਇਨ੍ਹਾਂ ਦੀ ਪਤਨੀ ਦੀ ਹਾਜ਼ਰੀ 'ਏਕ ਜੋਤ ਦੋਇ ਮੂਰਤੀ' ਵਾਲੀ ਸੀ। ਜਦੋਂ ਮੈਨੂੰ ਸਾਹਿਤਕ ਸਭਾ 'ਕੈਲਗਰੀ ਲੇਖਕ ਸਭਾ' ਦੀ ਸਕੱਤਰ ਬਣਨ ਦਾ ਮੌਕਾ ਮਿਲਿਆ ਤਾਂ ਮੈਂ ਇਨ੍ਹਾਂ ਨੂੰ ਸਭਾ ਦੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਰੱਖੀ ਗਈ ਮੀਟਿੰਗ ਵਿੱਚ ਵਿਸ਼ੇਸ਼ ਬੁਲਾਰੇ ਵਜੋਂ ਸ਼ਾਮਲ ਹੋਣ ਲਈ ਸੱਦਾ ਦਿੱਤਾ ਤਾਂ ਆਪ ਜੀ ਦੇ ਵੱਡਮੁੱਲੇ ਕੀਮਤੀ ਵਿਚਾਰਾਂ ਨੇ ਸਭ ਨੂੰ ਕੀਲ ਲਿਆ।

ਪਿਛਲੇ ਸਾਲ ਅਗਸਤ ਮਹੀਨੇ ਵਿੱਚ ਇਨ੍ਹਾਂ ਦਾ ਫੋਨ ਆਇਆ ਕਿ ਮੇਰੀ 'ਸਮ ਪ੍ਰੋਮੀਨੈਂਟ ਸਿੱਖ ਸਾਇੰਟਿਸਟਸ' (ਕੁੱਝ ਪ੍ਰਮੁੱਖ ਸਿੱਖ ਵਿਗਿਆਨੀ) ਕਿਤਾਬ ਛਪੀ ਹੈ। ਚੇਤਨਾ ਪ੍ਰਕਾਸ਼ਨ ਵਾਲੇ ਸਤੀਸ਼ ਗੁਲਾਟੀ ਨੇ ਕੈਲਗਰੀ ਵਿੱਚ ਕਿਤਾਬਾਂ ਦਾ ਮੇਲਾ ਲਗਾਇਆ ਹੈ, ਆਪਾਂ ਉੱਥੇ ਇਹ ਕਿਤਾਬ ਰਿਲੀਜ਼ ਕਰਨੀ ਹੈ। ਤੁਸੀਂ ਜ਼ਰੂਰ ਆਉਣਾ। ਮੇਰਾ ਜੁਆਬ ਸੀ ਕਿ ਅਸੀਂ ਇਹ ਕਿਤਾਬ ਆਪਣੀ ਲੇਖਕ ਸਭਾ ਵਿੱਚ ਰਿਲੀਜ਼ ਕਰਾਂਗੇ ਅਤੇ ਇਸ ਤੇ ਭਰਵੀਂ ਚਰਚਾ ਕਰਵਾਵਾਂਗੇ। ਇਹ ਕਹਿੰਦੇ ਕਿ ਮੈਂ ਕਿਤਾਬ ਤੁਹਾਡੇ ਤੱਕ ਕਿਵੇਂ ਪੁਚਾਵਾਂਗਾ? ਮੈਂ ਕਿਹਾ ਕਿ ਮੈਂ ਇਹ ਕਿਤਾਬ ਗੁਲਾਟੀ ਹੁਰਾਂ ਕੋਲੋਂ ਲੈ ਆਵਾਂਗੀ ਤੁਸੀਂ ਚਿੰਤਾ ਨਾ ਕਰੋ। ਤੇ ਇੰਜ ਸਾਨੂੰ ਇਹ ਕਿਤਾਬ ਲੇਖਕ ਸਭਾ ਦੀ ਅਕਤੂਬਰ ਮਹੀਨੇ

ਦੀ ਮੀਟਿੰਗ ਦੇ ਭਰਵੇਂ ਇਕੱਠ ਵਿੱਚ ਰਿਲੀਜ਼ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਉਪਰ ਜਸਵਿੰਦਰ ਰੁਪਾਲ ਜੀ ਨੇ ਵਿਸਥਾਰਤ ਪਰਚਾ ਪੜ੍ਹਿਆ ਅਤੇ ਹੋਰ ਬੁਲਾਰਿਆਂ ਨੇ ਵੀ ਇਸ ਵਿਲੱਖਣ ਕਿਤਾਬ ਬਾਰੇ ਖੁੱਲ੍ਹੀ ਚਰਚਾ ਕੀਤੀ। ਅੰਗਰੇਜ਼ੀ ਵਿੱਚ ਲਿਖੀ ਇਹ ਕਿਤਾਬ ਉਨ੍ਹਾਂ ਸਿੱਖ ਵਿਗਿਆਨੀਆਂ ਦੀਆਂ ਜੀਵਨੀਆਂ ਖੋਜਾਂ ਤੇ ਵਿਗਿਆਨ ਵਿੱਚ ਪਾਏ ਯੋਗਦਾਨ ਤੇ ਝਾਤ ਪੁਆਉਂਦੀ ਹੈ ਜੋ ਕਿ ਆਮ ਲੋਕਾਂ ਦੀਆਂ ਨਜ਼ਰਾਂ ਤੋਂ ਹੁਣ ਤੱਕ ਛੁਪੇ ਰਹੇ ਸਨ। ਖਾਸ ਤੌਰ ਤੇ ਪ੍ਰੋ: ਪੂਰਨ ਸਿੰਘ ਜਿਨ੍ਹਾਂ ਨੂੰ ਪੰਜਾਬੀ ਸਾਹਿਤ ਵਿੱਚ ਇੱਕ ਕਵੀ ਵਜੋਂ ਤੇ ਜਾਣਿਆ ਜਾਂਦਾ ਹੈ ਪਰ ਉਹ ਇੱਕ ਰਸਾਇਣ ਵਿਗਿਆਨੀ ਸਨ, ਇਸ ਬਾਰੇ ਮੇਰੇ ਵਰਗੇ ਬਹੁਤਿਆਂ ਨੂੰ ਪਤਾ ਹੀ ਨਹੀਂ ਸੀ। ਔਪਟੀਕਲ ਫਾਈਬਰਜ਼ ਦੀ ਖੋਜ ਕਰਕੇ ਇੰਟਰਨੈੱਟ ਵਿੱਚ ਵਿਲੱਖਣ ਯੋਗਦਾਨ ਪਾਉਣ ਵਾਲੇ ਡਾ: ਨਰਿੰਦਰ ਸਿੰਘ ਕਪਾਨੀ, ਤੇ ਖੇਤੀਬਾੜੀ ਵਿਗਿਆਨੀ ਡਾ: ਖੇਮ ਸਿੰਘ ਗਿੱਲ ਸਮੇਤ ਪੰਦਰਾਂ ਸਿੱਖ ਵਿਗਿਆਨੀਆਂ ਦਾ ਜੀਵਨ ਇਤਿਹਾਸ ਲਿਖਣ ਵਾਲੇ ਇਸ ਸਿੱਖ ਵਿਗਿਆਨੀ ਦੇ ਇਸ ਕਾਰਜ ਅੱਗੇ ਮਾਣ ਤੇ ਸ਼ਰਧਾ ਨਾਲ ਸਿਰ ਝੁੱਕਦਾ ਹੈ।

ਇਨ੍ਹਾਂ ਦੀ ਸਿਹਤ ਉਸ ਸਮੇਂ ਕੁੱਝ ਨਾਸਾਜ਼ ਸੀ। ਪ੍ਰਧਾਨਗੀ ਮੰਡਲ ਵਿੱਚ ਬੈਠਣ ਤੋਂ ਥੋੜ੍ਹਾ ਝਿਜਕੇ ਵੀ ਕਿ ਮੇਰੇ ਕੋਲੋਂ ਐਨੀ ਦੇਰ ਬੈਠਿਆ ਨਹੀਂ ਜਾਣਾ। ਪਰ ਫਿਰ ਵੀ ਪੂਰਾ ਸਮਾਂ ਬੈਠੇ, ਸਭ ਨੂੰ ਸੁਣਿਆ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਇਨ੍ਹਾਂ ਨਾਲ ਆਏ ਛੋਟੇ ਬੇਟੇ ਰਾਜਬੀਰ ਸਿੰਘ ਸਿੰਘ ਤੇ ਪੋਤਰੇ ਰਣਸ਼ੇਰ ਸਿੰਘ ਦੇ ਇਨ੍ਹਾਂ ਬਾਰੇ ਕਹੇ ਅਨਮੋਲ ਲਫ਼ਜ਼ ਅੱਜ ਵੀ ਚੇਤੇ ਕਰਕੇ ਫ਼ਖ਼ਰ ਹੁੰਦਾ ਹੈ। ਮੈਂ ਉਨ੍ਹਾਂ ਨੂੰ ਆਪਣੀਆਂ ਦੋ ਕਿਤਾਬਾਂ ਵੀ ਦਿੱਤੀਆਂ ਜੋ ਉਨ੍ਹਾਂ ਬੜੇ ਪਿਆਰ ਸਹਿਤ ਸਵੀਕਾਰੀਆਂ।

ਇਨ੍ਹਾਂ ਦੇ ਯਤਨਾਂ ਸਦਕਾ ਛਾਪੇ ਜਾਣ ਵਾਲੇ ਆਨਲਾਈਨ ਮੈਗਜ਼ੀਨ 'ਸਾਂਝੀ ਵਿਰਾਸਤ' ਵਿੱਚ ਸਿੱਖ ਇਤਿਹਾਸ ਨੂੰ ਸਮਰਪਤ ਅੰਕਾਂ ਵਿੱਚ ਲੇਖ ਲਿਖਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਜਿਸ ਦੇ ਸਬੰਧ ਵਿੱਚ ਇਨ੍ਹਾਂ ਨਾਲ ਵਟਸਐਪ ਅਤੇ ਫੋਨ ਤੇ ਗਲਬਾਤ ਕਰਨ ਦਾ ਸਬੱਬ 26 ਜਨਵਰੀ 2026 ਤੱਕ ਰਿਹਾ। ਜਦੋਂ ਮੈਂ ਆਰਟੀਕਲ ਇਨ੍ਹਾਂ ਦੁਆਰਾ ਦਿੱਤੀ ਈਮੇਲ ਤੇ ਭੇਜ ਦੇਣ ਦਾ ਸੁਨੇਹਾ ਲਿਖਿਆ ਤਾਂ ਇਨ੍ਹਾਂ ਦਾ ਜੁਆਬ ਸੀ, 'ਥੈਂਕਸ'। ਇਨ੍ਹਾਂ ਧੰਨਵਾਦੀ ਲਫ਼ਜ਼ਾਂ ਵਾਲੇ ਨੇਕ, ਸਹਿਜ, ਨਿਮਰ, ਗੁਰਮਤ ਨੂੰ ਪਰਣਾਏ ਇਸ ਸਿੱਖ ਵਿਗਿਆਨੀ ਦੀ ਰੂਹ ਕੁੱਝ ਕੁ ਦਿਨਾਂ ਬਾਦ, 18 ਫਰਵਰੀ, 2026 ਨੂੰ ਉਡਾਰੀ ਮਾਰ ਪਰਮ ਪਿਤਾ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੀ। ਬਾਕੀ ਰਹਿੰਦੇ ਸਿੱਖ ਵਿਗਿਆਨੀਆਂ ਬਾਰੇ ਲਿਖਣਾ ਅਜੇ ਬਾਕੀ ਸੀ। ਪ੍ਰੰਤੂ 'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥' ਦੇ ਮਹਾਂਵਾਕ ਅਨੁਸਾਰ ਹਰੇਕ ਦਾ ਇਸ ਸੰਸਾਰ ਤੋਂ ਜਾਣਾ ਤਹਿ ਹੈ। ਉਨ੍ਹਾਂ ਦੀ ਮਿੱਠੀ ਯਾਦ ਹਮੇਸ਼ਾਂ ਲਈ ਚੇਤਿਆਂ ਦਾ ਹਿੱਸਾ ਬਣ ਗਈ ਹੈ। ਉਮੀਦ ਨਹੀਂ ਬਲਕਿ ਵਿਸ਼ਵਾਸ ਹੈ ਕਿ ਇਨ੍ਹਾਂ ਦੇ ਰਹਿੰਦੇ ਕਾਰਜਾਂ ਨੂੰ ਇਨ੍ਹਾਂ ਦਾ ਸੁਘੜ, ਸੁਚੱਜਾ ਤੇ ਸਿੱਖੀ ਨੂੰ ਪ੍ਰਣਾਇਆ ਪ੍ਰਵਾਰ ਇਨ੍ਹਾਂ ਦੇ ਪਦ-ਚਿੰਨ੍ਹਾਂ ਤੇ ਚਲਦਾ ਹੋਇਆ ਨਿਰੰਤਰ ਜਾਰੀ ਰਖੇਗਾ।

**ਸਾਂਝੀ ਵਿਰਾਸਤ ਦੀ ਨੀਤੀ**

**ਲੇਖਕਾਂ ਲਈ ਜ਼ਰੂਰੀ ਜਾਣਕਾਰੀ**

1. ਉਦੇਸ਼, ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਅਤੇ ਗੁਰਬਾਣੀ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ "ਅਨਮੋਲ ਲਿਪੀ" ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਭੇਜੋ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦਿਓ ਜੀ। ਚਾਹੁਣ ਤਾਂ ਫੋਟੋ ਭੇਜ ਭੇਜ ਸਕਦੇ ਹੋ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ *sanjihivrasat.org* ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਇਹ ਦੇਖਣਾ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

Important Information for Authors

1. **Objective**: To Promote Punjabi Culture, History and Heritage. (Secular, Non-Political, Non-Personal Articles/Poems, Reviews)
2. Editorial Board will not be responsible for views of Authors / Poets.
3. Font size 14, Panjabi-'Anmol Lipi', English-'Times New Roman'.
4. Spacing, line-to-line 1.0; Margins One Inch on all four sides.
5. Format –WORD. No PDF, Photocopy, Print-screen, Snip, Office-Lens.
6. Author's Name, City, Country, Phone, E-mail, or WhatsApp. (photo optional).
7. **Length**: Two pages (Including Photo) of 800 words.
8. Longer Articles, On BLOG Website *(sanjhivirasat.org)* or serialized.
9. Authors will ensure there is 'No Copy-Right (CR)' Infringement.
10. References/Photos, Source (Author, Title, Journal / Book, Year, Pages.

# ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

Prof. (Dr) Surjit singh Bhatti – Founding Emeritus Editor

(ਡਾ. ਸੁਰਜੀਤ ਸਿੰਘ ਭੱਟੀ – Emereitus ਸੰਸਥਾਪਕ ਸੰਪਾਦਕ)

**ਸੰਪਾਦਕ**

| | |
|---|---|
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਪ੍ਰਿੰਸੀਪਲ (ਡਾ.) ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |

**ਸਲਾਹਕਾਰ**

| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ
(Editorial Board)






ਡਾ. ਰਾਜਾ ਬਲਰਾਜ ਸਿੰਘ

ਗੁਰਦੀਸ਼ ਕੌਰ ਗਰੇਵਾਲ

ਪ੍ਰੋਫ਼ੈਸਰ ਮਨਿੰਦਰ ਸਿੰਘ

ਡਾ ਕਾਬਲ ਸਿੰਘ
ਮੁੱਖ ਸੰਪਾਦਕ






ਡਾ. ਬਲਦੇਵ ਸਿੰਘ

ਸ. ਜਗਬੀਰ ਸਿੰਘ ਕੋਹਲੀ

ਸ. ਪਰਮਜੀਤ ਸਿੰਘ

ਪ੍ਰਿੰਸੀਪਲ ਮਨਮੋਹਨ ਕੌਰ






ਸ੍ਰ. ਉਂਕਾਰ ਸਿੰਘ ਟਿਵਾਣਾ

ਡਾ. ਰਾਜਬੀਰ ਸਿੰਘ ਭੱਟੀ

ਸ੍ਰ. ਯੁਵਰਾਜ ਸਿੰਘ

ਡਾ. ਸੁਰਜੀਤ ਸਿੰਘ ਭੱਟੀ
(Emeritus ਸੰਸਥਾਪਕ ਸੰਪਾਦਕ)

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh